ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ

# JAGAT GURU NANAK DEV
# PUNJAB STATE OPEN UNIVERSITY, PATIALA

(Established by Act No. 19 of 2019 of the Legislature of State of Punjab)

## The Motto of the University
## (SEWA)

**SKILL ENHANCEMENT** **EMPLOYABILITY** **WISDOM** **ACCESSIBILITY**




# ਐਮ ਏ ਪੰਜਾਬੀ
# ਸਮੈਸਟਰ ਚੌਥਾ
# ਉਨ੍ਹੀਵਾਂ ਪਰਚਾ : ਪੰਜਾਬੀ ਨਾਟਕ ਤੇ ਰੰਗਮੰਚ (ਭਾਗ–ਦੂਸਰਾ)
## ਕੋਰਸ ਕੋਡ : PBIM21319T

**ADDRESS: C/28, The Lower Mall, Patiala-147001**
**WEBSITE: www.psou.ac.in**



SELF-INSTRUCTIONAL STUDY MATERIAL FOR JGND PSOU, ALL COPYRIGHTS WITH JGND PSOU, PATIALA

## JAGAT GURU NANAK DEV

## PUNJAB STATE OPEN UNIVERSITY PATIALA

**(Established by Act No.19 of 2019 of Legislature of the State of Punjab)**

**PROGRAM COORDINATOR:**

**DR. AMARJIT SINGH**

**ASSISTANT PROFESSOR IN PUNJABI**

**COURSE COORDINATOR AND EDITOR:**

**DR. SARVARINDER SINGH**

**ASSISTANT PROFESSOR IN PUNJABI**

**JAGAT GURU NANAK DEV**

**PUNJAB STATE OPEN UNIVERSITY PATIALA**

**(Established by Act No.19 of 2019 of Legislature of the State of Punjab)**

# PREFACE

Jagat Guru Nanak Dev Punjab State Open University, Patiala was established in December 2019 by Act 19 of the Legislature of State of Punjab. It is the first and only Open University of the State, entrusted with the responsibility of making higher education accessible to all, especially to those sections of society who do not have the means, time or opportunity to pursue regular education.

In keeping with the nature of an Open University, this University provides a flexible education system to suit every need. The time given to complete a programme is double the duration of a regular mode programme. Well-designed study material has been prepared in consultation with experts in their respective fields.

The University offers programmes which have been designed to provide relevant, skill-based and employability-enhancing education. The study material provided in this booklet is self-instructional, with self-assessment exercises, and recommendations for further readings. The syllabus has been divided in sections, and provided as units for simplification.

The University has a network of 10 Learner Support Centres/Study Centres, to enable students to make use of reading facilities, and for curriculum-based counselling and practicals. We, at the University, welcome you to be a part of this instituition of knowledge.

Prof.G.S Batra<br>Dean<br>Academic Affairs

# M.A (PUNJABI)
## (ਸਮੈਸਟਰ-ਚੌਥਾ)
## ਉਨ੍ਹੀਵਾਂ ਪਰਚਾ : ਪੰਜਾਬੀ ਨਾਟਕ ਤੇ ਰੰਗਮੰਚ (ਭਾਗ-ਦੂਸਰਾ)

**ਕੁੱਲ ਅੰਕ : 100**
**ਬਾਹਰੀ ਮੁਲਾਂਕਣ:70**
**ਅੰਦਰੂਨੀ ਮੁਲਾਂਕਣ:30**
**ਪਾਸ: 40%**
**ਕ੍ਰੈਡਿਟ:4**

ਉਦੇਸ਼:

ਇਸ ਕੋਰਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਅਲੱਗ- ਅਲੱਗ ਦਿਸ਼ਾਵਾਂ ਰਾਹੀਂ ਪੰਜਾਬੀ ਨਾਟਕ ਤੇ ਰੰਗਮੰਚ ਨਾਲ ਜਾਣੂ ਕਰਵਾਉਣਾ ਹੈ।ਇਸ ਦੇ ਨਾਲ ਹੀ ਪੰਜਾਬੀ ਨਾਟਕ ਤੇ ਰੰਗਮੰਚ ਪਾਠਕ੍ਰਮ ਰਾਹੀਂ ਵਿਦਿਆਰਥੀਆਂ ਨੂੰ ਪੰਜਾਬੀ ਨਾਟਕ ਤੇ ਰੰਗਮੰਚ ਸੰਬੰਧੀ ਵੱਧ ਤੋਂ ਵੱਧ ਜਾਣਕਾਰੀ ਦੇਣ ਦਾ ਵੀ ਉਦੇਸ਼ ਹੈ।

**INSTRUCTIONS FOR THE PAPER SETTER/EXAMINER:**

1. The syllabus prescribed should be strictly adhered to.
2. The question paper will consist of three sections: A, B, and C. Sections A and B will have four questions each from the respective sections of the syllabus and will carry 10 marks each. The candidates will attempt two questions from each section.
3. Section C will have fifteen short answer questions covering the entire syllabus. Each question will carry 3 marks. Candidates will attempt any 10 questions from this section.
4. The examiner shall give a clear instruction to the candidates to attempt questions only at one place and only once. Second or subsequent attempts, unless the earlier ones have been crossed out, shall not be evaluated.
5. The duration of each paper will be three hours.

**INSTRUCTIONS FOR THE CANDIDATES:**

Candidates are required to attempt any two questions each from the sections A, and B of thequestion paper, and any ten short answer questions from Section C. They have to attempt questions only at one place and only once. Second or subsequent attempts, unless the earlierones have been crossed out, shall not be evaluated.

**ਭਾਗ ੳ**- ਪੰਜਾਬੀ ਇਕਾਂਗੀ: ਸਿਧਾਂਤਕ ਪਰਿਪੇਖ
**ੳ.1** ਪੰਜਾਬੀ ਇਕਾਂਗੀ: ਇਤਿਹਾਸ
**ੳ.2** ਪੰਜਾਬੀ ਇਕਾਂਗੀ: ਪ੍ਰਵਿਰਤੀਆਂ

**ਭਾਗ ਅ-** ਸੰਤ ਸਿੰਘ ਸੇਖੋਂ : ਛੇ ਘਰ
ਸੰਤ ਸਿੰਘ ਸੇਖੋਂ : ਛੇ ਘਰ:ਵਿਚਾਰਧਾਰਾਈ ਅਧਿਐਨ
ਸੰਤ ਸਿੰਘ ਸੇਖੋਂ : ਛੇ ਘਰ -ਅਧਿਐਨ ਦ੍ਰਿਸ਼ਟੀ

**ਅ.1** ਅਜਮੇਰ ਔਲਖ : ਇਸ਼ਕ ਬਾਝ ਨਮਾਜ਼ ਦਾ ਹੱਜ ਨਹੀ
ਅਜਮੇਰ ਔਲਖ : ਇਸ਼ਕ ਬਾਝ ਨਮਾਜ਼ ਦਾ ਹੱਜ ਨਹੀ -ਵਿਚਾਰਧਾਰਾਈ ਅਧਿਐਨ

ਅਜਮੇਰ ਔਲਖ : ਇਸ਼ਕ ਬਾਝ ਨਮਾਜ਼ ਦਾ ਹੱਜ ਨਹੀ -ਅਧਿਐਨ ਦ੍ਰਿਸ਼ਟੀ

**ਅ.2** ਕੇਵਲ ਧਾਲੀਵਾਲ : ਸਮਾਂ ਮੰਗ ਕਰਦਾ ਹੈ
ਕੇਵਲ ਧਾਲੀਵਾਲ : ਸਮਾਂ ਮੰਗ ਕਰਦਾ ਹੈ-ਵਿਚਾਰਧਾਰਾਈ ਅਧਿਐਨ
ਕੇਵਲ ਧਾਲੀਵਾਲ : ਸਮਾਂ ਮੰਗ ਕਰਦਾ ਹੈ-ਅਧਿਐਨ ਦ੍ਰਿਸ਼ਟੀ

**ਭਾਗ-ੲ**

ਭਾਗ ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿੱਚੋਂ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ।
ਅੰਕ ਵੰਡ ਅਤੇ ਪੇਪਰ ਸੈਟਰ ਲਈ ਅੰਕ ਵੰਡ ਅਤੇ ਪੇਪਰ ਸੈਟਰ ਲਈ ਵਿਸ਼ੇਸ਼ ਹਦਾਇਤਾਂ

1. ਭਾਗ ੳ.1 ਵਿੱਚੋਂ ਪੰਜਾਬੀ ਇਕਾਂਗੀ: ਸਿਧਾਂਤਕ ਪਰਿਪੇਖ ਨਾਲ ਸੰਬੰਧ ਦੇ ਵਿਸ਼ਾ ਖੇਤਰ ਵਿੱਚੋਂ ਪ੍ਰਸ਼ਨ ਪੁੱਛਿਆ ਜਾਵੇਗਾ।
2. ਭਾਗ ੳ.1 ਵਿੱਚੋਂ ਪੰਜਾਬੀ ਇਕਾਂਗੀ: ਇਤਿਹਾਸ ਦੀ ਵਿਆਖਿਆ।
3. ਭਾਗ ੳ.2 ਪੰਜਾਬੀ ਇਕਾਂਗੀ: ਪ੍ਰਵਿਰਤੀਆਂ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
4. ਭਾਗ ੳ.2 ਪੰਜਾਬੀ ਇਕਾਂਗੀ: ਪ੍ਰਵਿਰਤੀਆਂ ਦੇ ਰੂਪਾਂ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
5. ਸੰਤ ਸਿੰਘ ਸੇਖੋ : ਛੇ ਘਰ, ਅਜਮੇਰ ਔਲਖ : ਇਸ਼ਕ ਬਾਝ ਨਮਾਜ਼ ਦਾ ਹੱਜ ਨਹੀ ਅਤੇ ਕੇਵਲ ਧਾਲੀਵਾਲ : ਸਮਾਂ ਮੰਗ ਕਰਦਾ ਹੈ ਦੇ ਨਾਲ ਸਬੰਧਤ ਵਰਣਾਤਮਕ ਪ੍ਰਸ਼ਨ ਪੁੱਛੇ ਜਾਣਗੇ।
6. ਸੰਤ ਸਿੰਘ ਸੇਖੋ : ਛੇ ਘਰ, ਅਜਮੇਰ ਔਲਖ : ਇਸ਼ਕ ਬਾਝ ਨਮਾਜ਼ ਦਾ ਹੱਜ ਨਹੀ ਅਤੇ ਕੇਵਲ ਧਾਲੀਵਾਲ : ਸਮਾਂ ਮੰਗ ਕਰਦਾ ਹੈ ਵਿਚੋਂ ਵਿਵਹਾਰਕ ਪ੍ਰਸ਼ਨ ਪੁੱਛੇ ਜਾਣਗੇ।
7. ਸੰਖੇਪ ਉੱਤਰਾਂ ਵਾਲੇ ਪ੍ਰਸ਼ਨ- ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿਚੋਂ ਪੁੱਛੇ ਜਾਣਗੇ।ਵਿਦਿਆਰਥੀਆਂ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦੇਣੇ ਹੋਣਗੇ।

**ਅੰਦਰੂਨੀ ਮੁਲਾਂਕਣ 30 ਅੰਕ**

ਵਿਦਿਆਰਥੀ ਪਾਠਕ੍ਰਮ ਨਾਲ ਸਬੰਧਿਤ ਤਿੰਨ ਅਸਾਈਮੈਂਟਸ ਤਿਆਰ ਕਰਨਗੇ।ਇਹ ਤਿੰਨੇ ਅਸਾਇਨਮੈਂਟਸ: ਸੰਤ ਸਿੰਘ ਸੇਖੋ : ਛੇ ਘਰ, ਅਜਮੇਰ ਔਲਖ : ਇਸ਼ਕ ਬਾਝ ਨਮਾਜ਼ ਦਾ ਹੱਜ ਨਹੀ ਅਤੇ ਕੇਵਲ ਧਾਲੀਵਾਲ : ਸਮਾਂ ਮੰਗ ਕਰਦਾ ਹੈ ਪਾਠ ਕ੍ਰਮ ਵਿਚ ਨਿਰਧਾਰਿਤ ਵਿਸ਼ਿਆਂ ਨਾਲ ਹੀ ਸਬੰਧਤ ਹੋਣਗੀਆਂ।ਅੰਦਰੂਨੀ ਮੁਲਾਂਕਣ ਦੇ ਪ੍ਰਾਪਤ ਅੰਕ ਇਹਨਾਂ ਤਿੰਨਾਂ ਅਸਾਈਮੈਂਟਸ ਦੀ ਤਿਆਰ ਕੀਤੀ ਗਈ ਫਾਇਲ 'ਤੇ ਅਧਾਰਿਤ ਹੋਣਗੇ।

**ਸਹਾਇਕ ਪਾਠ-ਸਮੱਗਰੀ**

**ਖੋਜ-ਪੁਸਤਕਾਂ**

| **ਲੇਖਕ** | **ਸਾਲ** | **ਸਿਰਲੇਖ** | **ਪਬਲਿਸ਼ਰ** |
|---|---|---|---|
| ਸ਼ਤੀਸ਼ ਕੁਮਾਰ ਵਰਮਾ | 2000 | ਪੰਜਾਬੀ ਨਾਟਕ ਦਾ ਇਤਿਹਾਸ | ਗੁ.ਨਾ.ਦੇ.ਯੂਨੀਵਰਸਿਟੀ |
| ਜਸਵਿੰਦਰ ਸਿੰਘ | 1998 | ਸੰਤ ਸਿੰਘ ਸੇਖੋ ਜੀਵਨ ਤੇ ਰਚਨਾ | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ |
| ਸੰਤ ਸਿੰਘ ਸੇਖੋ | 2014 | ਛੇ-ਘਰ | ਰਵੀ ਸਾਹਿਤ ਪ੍ਰਕਾਸ਼ਨ |

**ਸੰਬੰਧਿਤ ਪੁਸਤਕਾਂ**

| **ਲੇਖਕ** | **ਸਾਲ** | **ਸਿਰਲੇਖ** | **ਪਬਲਿਸ਼ਰ** |
|---|---|---|---|
| ਅਜਮੇਰ ਔਲਖ | 1950 | ਇਸ਼ਕ ਬਾਝ ਨਮਾਜ਼ ਦਾ ਹੱਜ ਨਹੀ | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ |
| ਕੇਵਲ ਧਾਲੀਵਾਲ | 1966 | ਸਮਾਂ ਮੰਗ ਕਰਦਾ ਹੈ | ਪੰਜਾਬੀ ਯੂਨੀਵਰਸਿਟੀ, ਪਟਿਆਲਾ |

# ਪੰਜਾਬੀ ਇਕਾਂਗੀ : ਸਿਧਾਂਤਕ ਪਰਿਪੇਖ

## ਪੰਜਾਬੀ ਇਕਾਂਗੀ : ਇਤਿਹਾਸ

ਇੱਕ ਅੰਕ ਵਾਲੇ ਨਾਟਕ ਨੂੰ ਇਕਾਂਗੀ ਕਿਹਾ ਜਾਂਦਾ ਹੈ। ਅੰਗਰੇਜ਼ੀ ਭਾਸ਼ਾ ਵਿੱਚ ਇਸਨੂੰ 'ਵਨ ਐਕਟ ਪਲੇ' (One Act Play), ਹਿੰਦੀ ਵਿੱਚ 'ਇਕਾਂਕੀ' ਅਤੇ ਪੰਜਾਬੀ ਭਾਸ਼ਾ ਵਿੱਚ 'ਇਕਾਂਗੀ' ਕਿਹਾ ਜਾਂਦਾ ਹੈ। ਇਕਾਂਗੀ ਭਾਵੇਂ ਨਾਟਕ ਨਾਲ ਮਿਲਦਾ–ਜੁਲਦਾ ਸਰੂਪ ਹੈ ਪਰ ਫਿਰ ਵੀ ਇਕਾਂਗੀ ਤੇ ਨਾਟਕ ਵਿੱਚ ਕਾਫ਼ੀ ਅੰਤਰ ਹੁੰਦਾ ਹੈ। ਪੰਜਾਬੀ ਇਕਾਂਗੀ ਦੇ ਇਤਿਹਾਸ ਮੁਤਾਬਕ ਨਾਟਕ ਨਾ ਇਕਾਂਗੀ ਦਾ ਵਿਸਥਾਰ ਹੈ ਤੇ ਨਾ ਹੀ ਇਕਾਂਗੀ ਨਾਟਕ ਦਾ ਸਾਰ ਹੁੰਦੀ ਹੈ।

ਭਾਰਤ ਅੰਦਰ ਨਾਟਕ ਦੀ ਹੋਂਦ ਨਵੀਂ ਨਹੀਂ ਹੈ, ਇਸ ਤਰ੍ਹਾਂ ਲਗਦਾ ਹੈ ਜਿਵੇਂ ਬਹੁਤ ਪੁਰਾਤਨ ਸਮੇਂ ਤੋਂ ਇਸਦੀ ਧਰਤੀ ਉੱਤੇ ਨਾਟਕ ਖੇਡੇ ਜਾਂਦੇ ਰਹੇ ਹਨ। ਇਸ ਦੇ ਸਬੂਤਾਂ ਦਾ ਅੰਦਾਜ਼ਾ ਮਹਿੰਜੋਦੜੋ ਅਤੇ ਹੜੱਪਾ ਅੰਦਰ ਮਿਲਦੇ ਚਿੱਤਰਾਂ ਤੋਂ ਲਗਾਇਆ ਜਾ ਸਕਦਾ ਹੈ। ਡਾ. ਗੁਰਚਰਨ ਸਿੰਘ ਅਨੁਸਾਰ ਪੰਜਾਬ ਦੀ ਧਰਤੀ ਉੱਪਰ ਹੀ ਸਭ ਤੋਂ ਪਹਿਲਾ ਨਾਟਕ ਨੇ ਜਨਮ ਲਿਆ। ਆਰੀਆਂ ਤੋਂ ਪਹਿਲਾ ਦੇ ਲੋਕਾਂ ਅੰਦਰ ਨਾਟਕੀ ਸ਼ੁਗਲ ਦਾ ਸ਼ੌਕ ਸੀ। ਇਸ ਤਰ੍ਹਾਂ ਲਗਦਾ ਹੈ ਕਿ ਆਰੀਆਂ ਨੇ ਇਸ ਸ਼ੁਗਲ ਉਨ੍ਹਾਂ ਤੋਂ ਲਿਆ ਹੋਵੇ। ਹੌਲੀ–ਹੌਲੀ ਸਮਾਂ ਪਾ ਕੇ ਇਸਨੇ ਵਿਕਾਸ ਕੀਤਾ ਤੇ ਆਧੁਨਿਕ ਸਮੇਂ ਤੱਕ ਪਹੁੰਚੀ। ਪੱਛਮ ਵਿੱਚ ਇਕਾਂਗੀ 20ਵੀਂ ਸ਼ਤਾਬਦੀ ਵਿੱਚ, ਵਿਸ਼ੇਸ਼ ਤੌਰ 'ਤੇ ਪਹਿਲੇ ਮਹਾਂਯੁੱਧ ਦੇ ਬਾਅਦ ਹਰਮਨ ਪਿਆਰੀ ਹੋਈ। ਡਾ. ਹਰਚਰਨ ਸਿੰਘ ਅਨੁਸਾਰ, 'ਸ਼ਰਧਾ ਰਾਮ ਫਿਲੌਰੀ ਨੇ ਲੋਕਾਂ ਦੀ ਕਿਤੋਂ ਵੀ ਗੱਲਬਾਤ ਨੂੰ ਵਰਤ ਕੇ ਈਸ਼ਵਰ ਚੰਦਰ ਨੰਦਾ ਲਈ 50 ਸਾਲ ਪਹਿਲਾਂ ਹੀ ਰਸਤਾ ਸਾਫ਼ ਕਰ ਦਿੱਤਾ ਸੀ। ਹੋਰ ਭਾਰਤੀ ਭਾਸ਼ਾਵਾਂ ਵਿੱਚ ਇਸਦਾ ਵਿਆਪਕ ਰਿਵਾਜ਼ ਪਿਛਲੀ ਸ਼ਤਾਬਦੀ ਦੇ ਪਹਿਲੇ ਚਾਰ ਦਹਾਕਿਆਂ ਵਿੱਚ ਪਿਆ, ਜੋ ਵਿਕਸਿਤ ਹੋ ਕੇ ਨਾਟਕ ਰੂਪ ਵਿੱਚ ਅੱਗੇ ਆਇਆ। ਪੂਰਬ ਅਤੇ ਪੱਛਮ ਦੋਨਾਂ ਦੇ ਨਾਟ ਸਾਹਿਤ ਵਿੱਚ ਇਕਾਂਗੀ ਦੇ ਨਿਕਟਵਰਤੀ ਰੂਪ ਮਿਲਦੇ ਹਨ।

ਪੰਜਾਬੀ ਇਕਾਂਗੀ ਦਾ ਇਤਿਹਾਸ ਜੇਕਰ ਪੜਚੋਲੀਏ ਤਾਂ ਪੰਜਾਬੀ ਇਕਾਂਗੀ ਨੇ ਸਮੇਂ ਦੀਆਂ ਹਨੇਰੀਆਂ ਗੁਫਾਵਾਂ ਵਿੱਚ ਪ੍ਰਕਾਸ਼ ਸੁੱਟਿਆ ਹੈ। ਅੰਗਰੇਜ਼ਾਂ ਦੀ ਅਮਦ ਨਾਲ ਜਿੱਥੇ ਰਾਜਨੀਤਿਕ, ਸਮਾਜਿਕ ਤੇ ਮਾਨਸਿਕ ਪਹਿਲੂ ਤੇ ਅੰਸ਼ ਬਦਲੇ ਉੱਥੇ ਭਾਰਤੀ ਸਾਹਿਤ ਦੇ ਨਾਲ–ਨਾਲ ਪੰਜਾਬੀ ਸਾਹਿਤ ਤੇ ਵੀ ਪ੍ਰਭਾਵ ਪਿਆ। ਜਿਸ ਨਾਲ ਪੰਜਾਬੀ

ਇਕਾਂਗੀ ਦੀ ਆਮਦ ਹੋਈ। ਗੁਰਦਿਆਲ ਸਿੰਘ ਫੁੱਲ ਅਨੁਸਾਰ, 'ਇਕਾਂਗੀ ਆਪਣੀ ਸੰਜਮਤਾ, ਇਕਾਗਰਤਾ, ਥੋੜੇ ਨਾਲ ਬਹੁਤਾ ਸਾਰਨ ਦੀ ਸਮਰੱਥਾ ਤੇ ਤੀਖਣਤਾ ਨਾਲ ਪੂਰੇ ਨਾਟਕ ਨੂੰ ਸੰਘਣਾ ਬੱਝਵਾਂ ਤੇ ਤੀਖਣ ਆਪਦੇ ਕਾਰਜ ਵਾਲਾ ਬਣਾ ਕੇ ਇੱਕ ਕਥਨੀ, ਇੱਕ ਝਾਕੀਏ ਤੇ ਇੱਕ ਅੰਗੀਏ ਬਣ ਰਿਹਾ ਹੈ। ਇਕਾਂਗੀ ਅਸਲ ਵਿੱਚ ਮੰਚ ਦੀ ਲੋੜ ਵਿਚੋਂ ਹੀ ਪੈਦਾ ਹੋਇਆ ਹੈ। ਯੂਰਪ ਵਿੱਚ ਨਾਟਕ ਪੇਸ਼ ਕਰਨ ਤੋਂ ਪਹਿਲਾਂ ਜੁੜੇ ਦਰਸ਼ਕਾਂ ਦੇ ਮਨਪ੍ਰਚਾਵੇ ਲਈ ਇਕਾਂਗੀ ਪੇਸ਼ ਕੀਤਾ ਜਾਂਦਾ ਸੀ, ਇਸ ਲਈ ਇਕਾਂਗੀ ਦਾ ਰੰਗਮੰਚ ਨਾਲ ਸਿੱਧਾ ਸੰਬੰਧ ਹੈ। ਪੰਜਾਬੀ ਇਕਾਂਗੀ ਉੱਤੇ ਪੱਛਮੀ ਸਾਹਿਤ ਤੋਂ ਬਿਨ੍ਹਾਂ ਭਾਰਤੀ ਸਾਹਿਤ ਪਰੰਪਰਾਵਾਂ ਦਾ ਵੀ ਪ੍ਰਭਾਵ ਪਿਆ।

**1913 ਤੋਂ ਪਹਿਲਾ ਦਾ ਦੌਰ**

ਪੰਜਾਬੀ ਇਕਾਂਗੀ 1913 ਤੋਂ ਪਹਿਲਾਂ ਦੇ ਦੌਰ ਵਿੱਚ ਪੱਛਮੀ ਅਤੇ ਭਾਰਤੀ ਸਾਹਿਤ ਦੇ ਪ੍ਰਭਾਵ ਨਾਲ ਪਨਪ ਰਹੀ ਸੀ। ਜਿਵੇਂ 'ਸਰਸਵਤੀ ਸਟੇਟ ਸੁਸਾਇਟੀ' ਨੇ ਜੋ 1911 ਵਿੱਚ ਸਥਾਪਿਤ ਕੀਤੀ ਗਈ ਨੇ ਪਹਿਲਾਂ ਇਕਾਂਗੀ ਲੇਡੀ ਗਰੈਗਰੀ ਦਾ 'ਅਫਵਾਹ ਫੈਲਾਓ' ਖੇਡਿਆ ਜੋ ਐਬੀ ਥੀਏਟਰ ਨੇ 1904 ਈ. ਵਿੱਚ ਡਬਲਿਨ ਵਿੱਚ ਖੇਡਿਆ ਸੀ, ਭਾਵੇਂ ਦੌਰ ਵਿੱਚ ਅਨੁਵਾਦਿਤ ਨਾਟਕ ਹੀ ਪੰਜਾਬੀ ਸਾਹਿਤ ਵਿੱਚ ਆਉਂਦੇ ਰਹੇ ਪਰ ਮੂਲ ਪੰਜਾਬੀ ਨਾਟ ਪਰੰਪਰਾ ਦੀ ਪੰਜਾਬੀ ਵਿੱਚ ਆਮਦ ਹੋ ਚੁੱਕੀ ਸੀ।

ਭਾਈ ਮੋਹਨ ਸਿੰਘ ਵੈਦ ਦੀ ਇਕਾਂਗੀ ਪੰਜਾਬੀ ਸਾਹਿਤ ਵਿੱਚ ਨਾਟ–ਵਿਧਾ ਦੀ ਪਹਿਲੀ ਰਚਨਾ ਬਿਰਧ ਦੇ ਵਿਆਹ ਦੀ ਦੁਰਦਸ਼ਾ (1904), ਗੁਰਬਕਸ਼ ਸਿੰਘ ਨਾਰੰਗ ਦੀਆਂ ਇਕਾਂਗੀ ਰਚਨਾਵਾਂ ਬੁੱਢੇ ਦਾ ਵਿਆਹ (1911), ਪੜਾਕੂ ਵਹੁਟੀ (1912) ਆਦਿ ਰਚਨਾਵਾਂ ਨੇ ਪੰਜਾਬੀ ਇਕਾਂਗੀ ਦੀ ਪਿਰਤ ਨੂੰ ਸ਼ੁਰੂ ਕੀਤਾ। ਇਨ੍ਹਾਂ ਰਚਨਾਵਾਂ ਨਾਲ ਪੰਜਾਬੀ ਸਾਹਿਤ ਵਿੱਚ ਪੰਜਾਬੀ ਇਕਾਂਗੀ ਦਾ ਬੀਜ ਬੋਇਆ ਗਿਆ।

**1913 ਤੋਂ 1947 ਈ. ਦਾ ਦੌਰ**

1913 ਤੋਂ 1947 ਤੱਕ ਦੇ ਦੌਰ ਵਿੱਚ ਪੰਜਾਬੀ ਇਕਾਂਗੀ ਸਮਾਜਿਕ, ਮਾਨਸਿਕ ਤੇ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਸਨਮੁੱਖ ਹੁੰਦੀ ਹੈ। ਪੰਜਾਬੀ ਇਕਾਂਗੀ ਨੂੰ ਅੱਗੇ ਲਿਆਉਣ ਲਈ ਟੈਂਪਰੈਂਸ ਸੁਸਾਇਟੀ, ਪਾਰਸੀ ਥੀਏਟਰ, ਪੱਛਮੀ ਵਿਦਿਆ ਪ੍ਰਣਾਲੀ, ਇਸਾਈ ਮਿਸ਼ਨਰੀਆਂ ਦੇ ਯਤਨ ਆਦਿ ਪਰੰਪਰਾਵਾਂ ਜਾਂ ਸੰਸਥਾਵਾਂ ਦਾ ਵੀ ਹੱਥ ਹੈ। ਇਸ ਦੌਰ ਵਿੱਚ ਈਸ਼ਵਰ ਚੰਦਰ ਨੰਦਾ ਦਾ ਪਹਿਲਾ ਇਕਾਂਗੀ 'ਦੁਲਹਨ' ਜੋ 1913 ਵਿੱਚ ਖੇਡਿਆ ਗਿਆ ਅਤੇ

ਦੂਸਰਾ ਇਕਾਂਗੀ 'ਬੇਬੇ ਰਾਮ ਭਜਨੀ' ਸੀ, ਉਨ੍ਹਾਂ ਦੀ 'ਸੁਖਰਾਜ' ਇਕਾਂਗੀ ਵੀ ਕਾਫ਼ੀ ਚਰਚਿਤ ਰਹੀ। ਈਸ਼ਵਰ ਚੰਦਰ ਨੰਦਾ ਨੇ ਪੰਜਾਬੀ ਇਕਾਂਗੀ ਨੂੰ 'ਝਲਕਾਰੇ', 'ਲਿਸ਼ਕਾਰ', 'ਚਮਕਾਰੇ', ਇਕਾਂਗੀ ਸੰਗ੍ਰਹਿ ਦਿੱਤੇ। ਇਸੇ ਦੌਰ ਵਿੱਚ ਰਜਿੰਦਰ ਲਾਲ ਸਾਹਨੀ ਨੇ ਵੀ ਈਸ਼ਵਰ ਚੰਦਰ ਨੰਦਾ ਦੇ ਨਾਲ ਇਕਾਂਗੀ ਮੁਕਾਬਲੇ ਵਿੱਚ ਹਿੱਸਾ ਲਿਆ। ਉਸਦੀ ਇਕਾਂਗੀ 'ਦੀਨੇ ਦੀ ਬਰਾਤ' ਹੈ। ਹਰਚਰਨ ਸਿੰਘ ਦੀ ਪਹਿਲੀ ਇਕਾਂਗੀ 1936 ਈ. ਵਿੱਚ 'ਗੰਗਾ ਰਾਮ' ਰਚਣ ਤੋਂ ਪਿੱਛੋਂ ਇਕਾਂਗੀ 'ਚੌਧਰੀ' ਬਹੁਤ ਚਰਚਿਤ ਰਹੀ। ਇਸ ਤੋਂ ਬਾਅਦ ਇਤਿਹਾਸਕ ਇਕਾਂਗੀਆਂ ਸੰਦੇਸ਼, ਗਰੀਬ–ਨਿਵਾਜ਼, ਚਮਕੌਰ ਦੀ ਗੜ੍ਹੀ, ਇਤਿਹਾਸ ਜੁਆਬ ਮੰਗਦਾ ਹੈ, ਮਨ ਦੀਆਂ ਮਨ ਵਿੱਚ ਤੇ ਗੁੱਡੀ ਦਾ ਵਿਆਹ, ਜ਼ਫ਼ਰਨਾਮਾ ਚਰਚਿਤ ਰਹੀਆਂ ਹਨ। ਉਸਦੇ ਇਕਾਂਗੀ ਸੰਗ੍ਰਹਿ ਜੀਵਨ ਲੀਲ੍ਹਾ, ਸਪਤ–ਰਿਸ਼ੀ, ਪੰਜ ਗੀਟੜਾਂ ਆਦਿ।

ਪੰਜਾਬੀ ਸਾਹਿਤ ਵਿੱਚ ਬਲਵੰਤ ਗਾਰਗੀ ਨੇ ਭਾਵੇਂ ਹਰ ਵਿਧਾ ਵਿੱਚ ਰਚਨਾਵਾਂ ਲਿਖੀਆਂ ਪਰ ਨਾਟ–ਵਿਧਾ ਵਿੱਚ ਉਸਨੇ ਮਹੱਤਵਪੂਰਨ ਯੋਗਦਾਨ ਦਿੱਤਾ ਹੈ। ਗਾਰਗੀ ਦੀਆਂ ਸਾਹਿਤ ਵਿੱਚ ਕੁਆਰੀ ਟੀਸੀ, ਦੋ ਪਾਸੇ, ਪੱਤਣ ਦੀ ਬੇੜੀ, ਦੁੱਧ ਦੀਆਂ ਧਾਰਾਂ ਪੈਂਤੜੇਬਾਜ, ਪਿੱਛਲ ਪੈਰੀ, ਚਾਕੂ ਆਦਿ ਇਕਾਂਗੀ ਰਚਨਾਵਾਂ ਖ਼ਾਸ ਥਾਂ ਰੱਖਦੀਆਂ ਹਨ।

ਗੁਰਦਿਆਲ ਸਿੰਘ ਖੋਸਲਾ ਪੰਜਾਬੀ ਸਾਹਿਤ ਦਾ ਵਿਸ਼ੇਸ਼ ਨਾਮ ਹੈ ਉਸਨੇ ਅਜ਼ਾਦੀ ਤੋਂ ਪਿੱਛੋਂ ਦਿੱਲੀ ਵਿੱਚ ਪੰਜਾਬੀ ਥੀਏਟਰ ਗਰੁੱਪ ਦੀ ਸਥਾਪਨਾ ਕੀਤੀ। ਬੇਘਰੇ, ਸਤਾਰਵਾਂ ਪਤੀ ਉਸਦੀ ਨਾਮਵਰ ਇਕਾਂਗੀ ਰਚਨਾਵਾਂ ਹਨ। ਪੰਜਾਬੀ ਇਕਾਂਗੀ ਵਿੱਚ ਗੁਰਦਿਆਲ ਸਿੰਘ ਫੁੱਲ ਚਰਚਿਤ ਨਾਮ ਹੈ। ਉਸਦੀ 'ਕਬਰਸਤਾਨ' ਇਕਾਂਗੀ ਪੰਜਾਬੀ ਇਕਾਂਗੀ ਵਿੱਚ ਖ਼ਾਸ ਸਥਾਨ ਰੱਖਦੀ ਹੈ। ਉਸਨੇ ਪੰਜਾਬੀ ਖੇਤਰ ਵਿੱਚ ਸਭ ਤੋਂ ਵੱਧ ਇਕਾਂਗੀ ਰਚਨਾ ਕੀਤੀ ਹੈ।

ਹਉਕੇ (1946), ਪੈਸਾ (1949), ਕਣਕ ਦਾ ਬੋਲ (1951), ਡੋਲਦੀ ਲਾਟ (1951), ਜੀਵਨ ਹਲੂਣੇ (1953), ਬੇਬਸੀ ਜੋ ਹੁਣ ਨਹੀਂ (1954), ਨਵੀਂ ਜੋਤ (1955), ਰਾਤ ਕਟ ਗਈ (1958) ਕਹਿਣੀ ਤੇ ਕਰਨੀ (1961), ਕਿੱਧਰ ਜਾਵਾਂ (1964), ਨਵਾਂ ਮੋੜ (1966), ਕਲਾ ਤੱਕ (1967), ਸਿਖਰ ਦੁਪਹਿਰੇ ਰਾਤ (1967), ਦੇਸ ਦੀ ਖਾਤਰ (1968), ਲੁਕਿਆ ਸਚ (1970), ਰੰਗ ਨਿਆਰੇ (1971), ਨਾਨਕੀ ਨਦਰੀ ਨਦਰ ਨਿਹਾਲ (1969) ਨਵਾਂ ਇਕਾਂਗੀ ਸੰਗ੍ਰਹਿ (1978)।

ਪੰਜਾਬੀ ਸਾਹਿਤ ਖੇਤਰ ਵਿੱਚ ਸੰਤ ਸਿੰਘ ਸੇਖੋਂ ਨੇ ਵੀ ਇਕਾਂਗੀ ਦੇ ਵਿਕਾਸ ਤੇ ਪਾਸਾਰ ਵਿੱਚ ਕਾਫ਼ੀ ਯੋਗਦਾਨ ਪਾਇਆ ਹੈ ਉਨ੍ਹਾਂ ਨੇ 'ਛੇ–ਘਰ', 'ਤਪੱਸਿਆ ਕਿਉਂ ਖਪਿਆ', 'ਨਾਟ–ਸੁਨੇਹੇ', 'ਸੁੰਦਰ ਪਦ', 'ਦਸ–ਇਕਾਂਗੀ' ਆਦਿ

ਇਕਾਂਗੀ ਰਚਨਾਵਾਂ ਪੰਜਾਬੀ ਸਾਹਿਤ ਦੀ ਝੋਲੀ ਪਾਏ।

ਕਰਤਾਰ ਸਿੰਘ ਦੁੱਗਲ ਨੇ ਵੀ ਪੰਜਾਬੀ ਇਕਾਂਗੀ ਖੇਤਰ ਵਿੱਚ ਰਚਨਾਵਾਂ ਲਿਖੀਆਂ ਉਹ ਇਕਾਂਗੀ ਰੇਡਓ ਲਈ ਮਸ਼ਹੂਰ ਸਨ। ਉਸਦੇ ਇਕਾਂਗੀ ਸੰਗ੍ਰਹਿਆਂ ਵਿੱਚ ਕਈ ਇਕਾਂਗੀਆਂ ਸਮਾਜ ਦੀ ਅਕਸਕਾਰੀ ਕਰਦੀਆਂ ਨਜ਼ਰ ਆਉਂਦੀਆਂ ਹਨ। ਉਸਨੇ 'ਸੁੱਤੇ ਪਏ ਨਗ਼ਮੇ', 'ਸ਼ਰਨਾਰਥੀ' ਆਦਿ ਇਕਾਂਗੀ ਸੰਗ੍ਰਹਿ ਲਿਖੇ।

ਰੌਸ਼ਨ ਲਾਲ ਅਹੂਜਾ ਨੇ ਵੀ ਇਕਾਂਗੀ ਰਚਨਾ ਵਿੱਚ ਖ਼ਾਸ ਯੋਗਦਾਨ ਪਾਇਆ। 'ਜੌਹਰ', 'ਪਰਿਵਰਤਨ', 'ਵਿਕਾਸ', 'ਗਾਂਧੀ ਨਾਟਕ', 'ਨਵੇਂ ਘੋਲ', 'ਮੋਰ ਤੇ ਸੱਪ', 'ਚੋਣਵੇਂ ਇਕਾਂਗੀ' ਆਦਿ ਰੌਸ਼ਨ ਲਾਲ ਅਹੂਜਾ ਦੇ ਇਕਾਂਗੀ ਸੰਗ੍ਰਹਿ ਹਨ।

ਕਿਰਪਾ ਸਾਗਰ ਵੀਹਵੀਂ ਸਦੀ ਦੇ ਆਰੰਭਕ ਦੌਰ ਦੇ ਸਾਹਿਤਕਾਰ ਸਨ ਉਨ੍ਹਾਂ ਨੇ ਨਾਟਕ ਰਚਨਾ ਤੋਂ ਇਲਾਵਾ ਇਕਾਂਗੀਆਂ ਦੀ ਵੀ ਰਚਨਾ ਕੀਤੀ। 'ਡੰਗਾਂ' ਇਕਾਂਗੀ ਰਚਨਾਵਾਂ ਉਨ੍ਹਾਂ ਦੀ ਬਹੁਤ ਚਰਚਿਤ ਰਚਨਾ ਹੈ।

ਮੋਹਨ ਸਿੰਘ ਦੀਵਾਨਾ ਨੇ ਰਚਨਾਵਾਂ ਦੇ ਨਾਲ–ਨਾਲ ਆਲੋਚਨਾ ਕੀਤੀ ਹੈ। ਉਸਦੀ ਪੁਸਤਕ ਪੰਜਾਬੀ ਸਾਹਿਤ ਦਾ ਇਤਿਹਾਸ ਉਸਦੇ ਡਾਕਟਰੇਟ ਦੇ ਖੋਜ ਪੱਤਰ ਤੇ ਅਧਾਰਿਤ ਸੀ। ਨਾਟ–ਵਿਧਾ ਵਿੱਚ ਵੀ ਲਗਾਅ ਰੱਖਣ ਵਾਲੈ ਰਚਨਾਕਾਰ ਦਾ ਇਕਾਂਗੀ ਸੰਗ੍ਰਹਿ 'ਪੰਖੜੀਆਂ' ਹੈ।

ਚਰਨ ਸਿੰਘ ਸ਼ਹੀਦ ਭਾਵੇਂ ਪੰਜਾਬੀ ਦੇ ਹਾਸਰਸ ਤੇ ਵਿਅੰਗ ਲੇਖਕ ਸਨ। ਉਨ੍ਹਾਂ ਦੀਆਂ 48 ਕਵਿਤਾਵਾਂ ਦੀਆਂ ਕਿਤਾਬਾਂ ਰਚਨਾ ਵਾਲੇ ਲੇਖਕ ਨੇ ਵੀ ਇਕਾਂਗੀ ਲਿਖਣ ਵੱਲ ਆਪਣਾ ਰੁਝਾਨ ਤੇ ਰੁਚੀ ਦਿਖਾਈ 'ਭੁਚਾਲ ਕਿਉਂ ਆਇਆ' ਉਨ੍ਹਾਂ ਦਾ ਇਕਾਂਗੀ ਸੰਗ੍ਰਹਿ ਹੈ।

ਸੋਹਣ ਸਿੰਘ ਨੇ ਵੀ ਇਕਾਂਗੀ ਦੇ ਵਿਕਾਸ ਦੇ ਪਸਾਰ ਲਈ ਇਕਾਂਗੀ ਲੇਖਣ ਵਿੱਚ ਕਲਮ ਚਲਾਈ। ਇਨ੍ਹਾਂ ਦਾ ਇਕਾਂਗੀ ਸੰਗ੍ਰਹਿ 'ਪੰਖੜੀਆਂ' 1923 ਵਿੱਚ ਛਪਿਆ। ਬ੍ਰਿਜ ਲਾਲ ਸ਼ਾਸਤਰੀ ਇਸ ਦੇ ਦੌਰ ਦੇ ਇਕ ਹੋਰ ਇਕਾਂਗੀਕਾਰ ਹਨ ਉਨ੍ਹਾਂ ਨੇ ਕਈ ਇਕਾਂਗੀਆਂ ਦੀ ਰਚਨਾ ਕੀਤੀ ਉਸਦਾ ਇਕਾਂਗੀ ਸੰਗ੍ਰਹਿ 'ਕੁਨਾਲ' ਹੈ। ਇਹ ਦੌਰ ਵੀ ਇਕਾਂਗੀ ਦਾ ਇੱਕ ਮਹੱਤਵਪੂਰਨ ਦੌਰ ਸੀ।

**1947 ਤੋਂ 1975 ਈ. ਦਾ ਦੌਰ**

1947 ਤੋਂ ਬਾਅਦ 1975 ਤੱਕ ਦਾ ਸਮਾਂ ਪੰਜਾਬੀ ਇਕਾਂਗੀ ਤੇ ਕਾਫ਼ੀ ਅਸਰ ਪਾਉਂਦਾ ਹੈ ਇਹ ਦੌਰ ਪੰਜਾਬੀ

ਇਕਾਂਗੀ ਦੇ ਬਹੁਪੱਖੀ ਪਸਾਰਾਂ ਨਾਲ ਸੰਬੰਧਿਤ ਹੈ। ਪੰਜਾਬ ਦੀ ਵੰਡ ਅਤੇ ਪ੍ਰਗਤੀਸ਼ੀਲ ਤੇ ਕਮਿਉਨਿਸਟ ਲਹਿਰਾਂ ਵੀ ਇਸ ਦੌਰ ਨੂੰ ਪ੍ਰਭਾਵਿਤ ਕਰਦੀਆਂ ਰਹੀਆਂ।

ਪੰਜਾਬੀ ਅਦਬ ਦੇ ਬਹੁ ਵਿਧਾਵੀ ਲੇਖਕ, ਆਲੋਚਕ, ਫਿਲਮ ਨਿਰਮਾਤਾ ਸੁਰਜੀਤ ਸਿੰਘ ਸੇਠੀ ਨੇ ਇਕਾਂਗੀ ਪੰਰਪਰਾ ਨੂੰ ਨਵੀਂ ਬਿੱਧ ਦਿੱਤੀ। ਉਨ੍ਹਾਂ ਨੇ ਇਕਾਂਗੀ ਸਾਹਿਤ ਦੀ ਝੋਲੀ 'ਪਰਦੇ ਪਿੱਛੇ' ਅਤੇ 'ਚੱਲਦੇ ਫਿਰਦੇ ਬੁੱਤ' ਇਕਾਂਗੀ ਸੰਗ੍ਰਹਿ ਪਾਏ।

1928 ਈ. ਨੂੰ ਜਨਮੇ ਹਰਸਰਨ ਸਿੰਘ ਦੇ ਇਕਾਂਗੀ ਉਰਦੂ, ਹਿੰਦੀ, ਗੁਜਰਾਤੀ ਆਦਿ ਭਾਸ਼ਾਵਾਂ ਵਿੱਚ ਅਨੁਵਾਦ ਹੋਏ ਅਤੇ ਰੇਡੀਓ ਉੱਤੇ ਪ੍ਰਸਾਰਿਤ ਹੋਏ ਉਨ੍ਹਾਂ ਨੇ ਪੰਜਾਬੀ ਇਕਾਂਗੀ ਖੇਤਰ ਵਿੱਚ "ਜੋਤ ਤੋਂ ਜੋਤ ਜਗੇ (1956), ਤਰੇੜ ਤੇ ਹੋਰ ਇਕਾਂਗੀ (1962), ਮੇਰੇ ਅੱਠ ਇਕਾਂਗੀ (1963), ਪਰਦੇ (1968), ਰੰਗ ਤਮਾਸ਼ੇ (1976), ਮੇਰੇ ਸਾਰੇ ਇਕਾਂਗੀ (1977), ਛੇ ਰੰਗ (1978), ਛੇ ਪ੍ਰਸਿੱਧ ਇਕਾਂਗੀ (1980)" ਆਦਿ ਦੀ ਰਚਨਾ ਕੀਤੀ।

ਪੰਜਾਬੀ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਕਪੂਰ ਸਿੰਘ ਘੁੰਮਣ ਪ੍ਰਯੋਗਵਾਦੀ ਅਤੇ ਮਨੋਵਿਗਿਆਨਕ ਨਜ਼ਰੀਏ ਵਾਲਾ ਨਾਟ ਰਚਨਾਕਾਰ ਸੀ। ਕਪੂਰ ਸਿੰਘ ਘੁੰਮਣ ਦੀਆਂ ਇਕਾਂਗੀ ਰਚਨਾਵਾਂ ਨੇ ਵੀ ਪੰਜਾਬੀ ਇਕਾਂਗੀ ਦੀ ਪਰੰਪਰਾ ਨੂੰ ਅੱਗੇ ਤੋਰਿਆ ਹੈ। ਉਨ੍ਹਾਂ ਦੇ ਇਕਾਂਗੀ ਸੰਗ੍ਰਹਿ: ਰੱਬ ਦੇ ਰੰਗ (1956), ਦੋ ਜੋਤਾਂ ਦੋ ਮੂਰਤਾਂ (1958), ਕੱਚ ਦੇ ਗਜਰੇ (1969), ਛੁੰਗਲਮਾਟਾ (1975), ਇਸ ਪਾਰ ਉਸ ਪਾਰ (1968)।

ਗੁਰਚਰਨ ਸਿੰਘ ਜਸੂਜਾ ਇਸ ਦੌਰ ਦਾ ਹੀ ਨਹੀਂ ਸਗੋਂ ਇਸ ਨਾਟ ਵਿਧਾ ਦੇ ਇਤਿਹਾਸ ਵਿੱਚ ਉਸਦਾ ਯੋਗਦਾਨ ਕਾਬਲ–ਏ–ਤਾਰਫ਼ ਹੈ। ਉਸਦੇ ਇਕਾਂਗੀ ਪੇਂਡੂ ਧਰਾਤਲ ਨਾਲ ਸੰਬੰਧਿਤ ਹਨ ਉਸਦੀਆਂ ਰਚਨਾਵਾਂ ਗਊਮੁਖਾ (1955), ਸ਼ੇਰ–ਮੁਖਾ, ਪਛਤਾਵਾ (1965), ਚਾਰ ਦੀਵਾਰੀ (1964), ਆਪਬੀਤੀ ਜਗਬੀਤੀ (1975), ਸਿਖਰ ਦੁਪਹਿਰ ਅਤੇ ਹਨ੍ਹੇਰਾ (1983) ਹਨ।

ਅਮਰੀਕ ਸਿੰਘ ਨੇ ਵੀ ਇਕਾਂਗੀ ਰਚਨਾ ਵਿੱਚ ਆਪਣੇ ਮਾਨਸਿਕ ਧਰਾਤਲ ਨਾਲ ਯੋਗਦਾਨ ਪਾਇਆ ਹੈ। ਉਸਦੀਆਂ ਰਚਨਾਵਾਂ 'ਆਸਾ ਦਾ ਅੰਬਾਰ' ਅਤੇ 'ਜੀਵਨ ਝਲਕਾਂ' ਉਸਦੀ ਪੰਜਾਬੀ ਸਾਹਿਤ ਵਿੱਚ ਪਹਿਚਾਣ ਦਾ ਕੇਂਦਰ ਬਣੀਆਂ ਹਨ। ਉਸਦੀਆਂ ਇਕਾਂਗੀਆਂ 'ਆਸਾ ਦੇ ਅੰਬਾਰ', 'ਸ਼ਰਨਾਰਥੀ ਦਾ ਕੋਟ' ਅਤੇ ਆਂਦਰਾਂ ਕਾਫ਼ੀ ਸਫਲ

ਹਨ।

ਪਰਿਤੋਸ਼ ਗਾਰਗੀ ਬਲਵੰਤ ਗਾਰਗੀ ਦਾ ਭਰਾ ਵੀ ਇਸ ਵਿਧਾ ਵਿੱਚ ਰਚਨਾ ਕਰਕੇ ਇਸਦੇ ਵਿਕਾਸ ਵਿੱਚ ਨਵੇਂ ਵਿਸ਼ੇ ਲੈ ਕੇ ਆਇਆ। ਉਸਦੀਆਂ ਇਕਾਂਗੀ,–ਰਚਨਾਵਾਂ ਹਨ– ਪਲੇਟ ਫਾਰਮ, ਗੱਡੀ ਦਾ ਸਫ਼ਰ, ਰੇਸ਼ਮ ਦਾ ਕੀੜਾ, ਬੇਨਤੀ ਹੋਮ, ਜ਼ਕਾਤ, ਭਾਈਚਾਰਾ ਆਦਿ।

**1975 ਤੋਂ 1990 ਈ. ਦਾ ਦੌਰ**

ਪੰਜਾਬੀ ਇਕਾਂਗੀ ਦੇ ਇਤਿਹਾਸ ਵਿੱਚ ਇਸ ਦੌਰ ਦਾ ਖਾਸ ਮਹੱਤਵ ਹੈ ਕਿਉਂਕਿ ਇਸ ਦੌਰ ਵਿੱਚ ਪੰਜਾਬ ਉੱਤੇ ਜੋ ਹਨੇਰੀ ਝੁੱਲੀ ਤੇ ਵੱਖ–ਵੱਖ ਲਹਿਰਾਂ ਦੇ ਤੇਜ਼ ਹੋਣ ਨਾਲ ਪੰਜਾਬੀ ਸਾਹਿਤ ਦੀਆਂ ਸਾਰੀਆਂ ਵਿਧਾਵਾਂ ਦੇ ਨਾਲ–ਨਾਲ ਪੰਜਾਬੀ ਇਕਾਂਗੀ ’ਤੇ ਵੀ ਅਸਰ ਪਿਆ। ਇਸ ਦੌਰ ਵਿੱਚ ਪਾਕਿਸਤਾਨੀ ਪੰਜਾਬੀ ਨਾਟਕ ਅਤੇ ਪਰਵਾਸੀ ਰਚਨਾਵਾਂ ਦੇ ਨਾਲ–ਨਾਲ ਹੋਰ ਭਾਸ਼ਾਵਾਂ ਦੇ ਨਾਟਕ ਵੀ ਭਾਰਤੀ ਪੰਜਾਬੀ ਸਾਹਿਤ ਵਿੱਚ ਸਿੱਧੇ ਤੌਰ ’ਤੇ ਲਿਪੀਅੰਤਰ ਹੋ ਕੇ ਪ੍ਰਵੇਸ਼ ਕਰ ਰਹੇ ਸਨ।

ਇਸ ਦੌਰ ਦਾ ਇਕਾਂਗੀਕਾਰ ਅਜਮੇਰ ਸਿੰਘ ਔਲਖ ਜੋ 1942 ਵਿੱਚ ਜਨਮਿਆ ਨੇ ਪੰਜਾਬ ਦੀ ਨਿਮਨ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਆਪਣੀਆਂ ਨਾਟ ਰਚਨਾਵਾਂ ਵਿੱਚ ਪੇਸ਼ ਕੀਤਾ ਉਸਨੇ ‘ਅਰਬਦ ਨਰਬਦ ਧੁੰਦੂਕਾਰਾ’, ‘ਬਿਗਾਨੇ ਬੋਹੜ ਦੀ ਛਾਂ’, ‘ਅੰਨ੍ਹੇ ਨਿਸ਼ਾਨਚੀ’, ‘ਮੇਰੇ ਚੋਣਵੇਂ ਇਕਾਂਗੀ’, ‘ਗਾਨੀ’ ਆਦਿ ਇਕਾਂਗੀ ਸੰਗ੍ਰਹਿ ਪੰਜਾਬੀ ਸਾਹਿਤ ਨੂੰ ਦਿੱਤੇ।

ਦਵਿੰਦਰ ਦਮਨ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦਾ ਜੰਮਪਲ ਹੈ ਜੋ ਇੱਕ ਅਦਾਕਾਰ ਨਿਰਦੇਸ਼ਕ, ਨਿਰਮਾਤਾ ਤੇ ਨਾਟਕਕਾਰ ਹੈ। ਦਮਨ ਦੀ ਸ਼ਹੀਦ ਭਗਤ ਸਿੰਘ ਦੀ ਜੇਲ੍ਹ ਜੀਵਨ ਨੂੰ ਦਰਸਾਉਂਦੀ ਨਾਟ ਰਚਨਾ ਬਹੁਤ ਵਾਰ ਮੰਚਿਤ ਹੋਈ ਹੈ। ਉਸਦੇ ਇਕਾਂਗੀ ਰਚਨਾਵਾਂ– ‘ਲਹੂ ਰੰਗ ਲਿਆਵੇਗਾ’, ‘ਵਾਵਰੋਲਾ’, ‘ਆਥਣ ਵੇਲਾ’, ‘ਸੰਘਰਸ਼’, ‘ਮਖੌਟਾ’, ‘ਕੁਰਸੀ ਵਿੱਚ ਚਿਣਿਆ’, ‘ਬਲ਼ਦੇ ਜੰਗਲ ਦੇ ਰੁੱਖ’, ਉਸਦੀਆਂ ਇਕਾਂਗੀ ਰਚਨਾਵਾਂ ਹਨ।

**1990 ਤੋਂ ਹੁਣ ਤੱਕ**

ਪੰਜਾਬੀ ਇਕਾਂਗੀ ਦੇ ਇਸ ਦੌਰ ਦੀਆਂ ਨਾਟ ਰਚਨਾਵਾਂ ਵਿੱਚ ਤਕਨੀਕ ਤੇ ਮੀਡੀਆ ਦੇ ਨਾਲ–ਨਾਲ ਬਸਤੀਵਾਦ, ਵਿਸ਼ਵੀਕਰਣ, ਉਤਰ ਆਧੁਨਿਕਤਾਹ ਦੇ ਨਾਲ–ਨਾਲ ਰਿਸ਼ਤਿਆਂ ਦੀ ਟੁੱਟ–ਭੱਜ ਜਿਹੇ ਸੰਕਲਪਾਂ ਦੀ

ਨਾਟ ਰਚਨਾਵਾਂ ਵਿੱਚ ਆਮਦ ਹੋਈ। ਇਸ ਸਮੇਂ ਦੀਆਂ ਨਾਟ ਰਚਨਾਵਾਂ ਬਹੁ–ਪਸਾਰੀ, ਬਹੁ–ਵਿਸ਼ੇ ਭਰਪੂਰ ਹਨ। ਇਸ ਦੌਰ ਦੇ ਇਕਾਂਗੀਕਾਰ ਹੇਠ ਲਿਖੇ ਅਨੁਸਾਰ ਹਨ:

ਮਨਜੀਤ ਪਾਲ ਕੌਰ, ਦੇਵਿੰਦਰ ਕੁਮਾਰ, ਸਤੀਸ਼ ਕੁਮਾਰ ਵਰਮਾ, ਸਤਿੰਦਰ ਸਿੰਘ ਨੰਦਾ।

## ਪੰਜਾਬੀ ਇਕਾਂਗੀ : ਪ੍ਰਵਿਰਤੀਆਂ

ਇਕਾਂਗੀ ਸਾਹਿਤ ਦੀ ਇੱਕ ਸੁਤੰਤਰ ਵਿਧਾ ਹੈ। ਅਜੋਕੇ ਸਮੇਂ ਵਿੱਚ ਇਕਾਂਗੀ ਬਹੁਤ ਹਰਮਨ ਪਿਆਰੀ ਰਚਨਾ ਹੈ। ਇਸਦੇ ਹਰਮਨ ਪਿਆਰੇ ਹੋਣਾ ਸਮੇਂ ਦੀ ਲੋੜ ਹੈ। ਲੋਕਾਂ ਕੋਲ ਵਿਹਲਾ ਸਮਾਂ ਨਾ ਹੋਣ ਕਰਕੇ ਇਹ ਜਿਆਦਾ ਪਸੰਦ ਕੀਤੀ ਜਾਂਦੀ ਹੈ। ਨਾਟਕ ਨੂੰ ਦੇਖਣ ਤੇ ਖੇਡਣ ਵਿੱਚ ਬਹੁਤੇ ਸਮੇਂ ਦੀ ਲੋੜ ਹੁੰਦੀ ਹੈ। ਇਕਾਂਗੀ ਨੂੰ ਖੇਡਣ ਜਾਂ ਪੜ੍ਹਣ ਵਿੱਚ 20 ਜਾਂ 25 ਮਿੰਟ ਤੋਂ ਵੱਧ ਸਮਾਂ ਨਹੀਂ ਲੱਗਦਾ। ਇਹੀ ਕਾਰਨ ਹੈ ਕਿ ਅਜੋਕੇ ਸਮੇਂ ਵਿੱਚ ਇਕਾਂਗੀ ਵਧੇਰੇ ਪਸੰਦ ਕੀਤੀ ਜਾਂਦੀ ਹੈ।

ਇਕਾਂਗੀ, ਸਾਹਿਤ ਦੀ ਉਹ ਵਿਧਾ ਹੈ, ਜਿਸ ਵਿੱਚ ਜੀਵਨ ਦੇ ਅਨੁਭਵ ਜਾਂ ਕਿਸੇ ਪਾਤਰ ਦੀ ਖਾਸ ਲਟਕ ਦਾ ਅਦੁੱਤੀ ਛਿੰਨ ਲਿਆ ਜਾਂਦਾ ਹੈ। ਇਸ ਵਿੱਚ ਕੋਈ ਨਾ ਕੋਈ ਨਾਟਕੀ ਕਾਰਜ ਅਤੇ ਨਾਟਕੀ ਦਵੰਦ ਛੁੱਪਿਆ ਹੁੰਦਾ ਹੈ। ਨਾਟਕ ਦਾ ਕੰਮ ਪਾਤਰ ਨੂੰ ਕਿਸੇ ਅਜਿਹੀ ਸਥਿਤੀ ਵਿੱਚ ਪ੍ਰਵੇਸ਼ ਕਰਵਾਉਣਾ ਹੁੰਦਾ ਕਿ ਉਹ ਕੋਈ ਵਿਸ਼ੇਸ਼ ਕਿਸਮ ਦਾ ਕਾਰਜ ਕਰਨ ਜਾਂ ਫੈਸਲਾ ਕਰਨ ਲਈ ਮਜ਼ਬੂਰ ਹੁੰਦਾ ਹੈ। ਪਾਤਰ ਫੈਸਲਾ ਕਰਕੇ ਕਿਸੇ ਦਵੰਦ ਵਿੱਚ ਫਸਿਆ ਹੁੰਦਾ ਹੈ। ਇਸ ਫੈਸਲੇ ਤੋਂ ਇਕਾਂਗੀ ਵਿਚਲੀ ਨਾਟਕੀ ਕਹਾਣੀ ਜਨਮ ਲੈਂਦੀ ਹੈ।

ਇਕਾਂਗੀ ਵਿੱਚ ਕੋਈ ਨਾ ਕੋਈ ਵਿਚਾਰਧਾਰਾ ਜਾਂ ਸਮੱਸਿਆ ਦਰਸਾਈ ਗਈ ਹੁੰਦੀ ਹੈ। ਇਹ ਇਕਾਂਗੀ ਦੇ ਵਿਸ਼ੇ ਅਧੀਨ ਆਉਂਦੇ ਹਨ। ਅੱਜ ਇਕਾਂਗੀ ਦੇ ਵਿਸ਼ਿਆਂ ਦਾ ਘੇਰਾ ਬਹੁਤ ਵਿਸਤ੍ਰਿਤ ਹੋ ਗਿਆ ਹੈ। ਇਕਾਂਗੀਕਾਰ ਆਪਣੇ ਇਕਾਂਗੀਆਂ ਲਈ ਮੁੱਖ ਤੇ ਜਿੰਨ੍ਹਾਂ ਵਿਸ਼ਿਆਂ ਦੀ ਚੋਣ ਕਰਦਾ ਹੈ। ਉੱਥੇ ਇਕਾਂਗੀਆਂ ਵਿੱਚ ਕਈ ਤਰ੍ਹਾਂ ਦੀਆਂ ਪ੍ਰਵਿਰਤੀਆਂ ਜਨਮ ਲੈਂਦੀਆਂ ਹਨ। ਇਸ ਪੱਖੋਂ ਸਮਾਜਿਕ ਪ੍ਰਵਿਰਤੀਆਂ ਵਾਲੇ ਇਕਾਂਗੀ ਵੀ ਲਿਖੇ ਗਏ ਹਨ, ਧਾਰਮਿਕ ਕਿਸਮ ਦੇ ਇਕਾਂਗੀ ਵੀ ਲਿਖੇ ਗਏ ਹਨ, ਇਸ ਤੋਂ ਬਿਨ੍ਹਾਂ ਮਨੋਵਿਗਿਆਨਕ, ਐਬਸਰਡ ਪ੍ਰਯੋਗਾਤਮਕ ਕਿਸਮ ਦੇ ਇਕਾਂਗੀ ਵੀ ਉਪਲਬਧ ਹਨ।

ਇਕਾਂਗੀਆਂ ਦੀਆਂ ਪ੍ਰਵਿਰਤੀਆਂ ਦਾ ਅਧਿਐਨ ਹੇਠ ਅਨੁਸਾਰ ਹੈ:–

1. **ਸੁਧਾਰਵਾਦੀ ਪ੍ਰਵਿਰਤੀ:-** ਪੰਜਾਬੀ ਇਕਾਂਗੀ ਦਾ ਆਰੰਭ ਸਮਾਜ ਸੁਧਾਰ ਦੇ ਆਸੇ ਵਜੋਂ ਹੋਇਆ। ਆਰੰਭ ਵਿੱਚ ਪ੍ਰੋ. ਆਈ.ਸੀ.ਨੰਦਾ 'ਸੁਹਾਗ' ਨਾਂ ਦੇ ਇਕਾਂਗੀ ਰਾਹੀਂ ਉਸ ਸਮੇਂ ਦੇ ਅਨਜੋੜ ਤੇ ਪੈਸਾ ਲੈ ਕੇ ਧੀ ਵਿਆਹੁਣ ਦੀ ਆਰਥਿਕ ਮਜਬੂਰੀ ਦੀ ਸਮੱਸਿਆ ਲਈ ਹੈ। ਇਸ ਪ੍ਰਵਿਰਤੀ ਅਧੀਨ ਪ੍ਰੋ. ਨੰਦਾ ਦੁਆਰਾ ਲਿਖੇ ਹੋਰ

ਇਕਾਂਗੀ ਜਿਵੇਂ:– ਜਿੰਨ, ਇਹ ਡੂੰਮਣੇ, ਬੇਬੇ ਰਾਮ ਭਜਨੀ ਆਦਿ। ਸ੍ਰੀਮਤੀ ਨੋਰਾ ਰਿਚਰਡ ਦੇ ਕਹੇ ਮੁਤਾਬਕ ਕਿ ਨਾਟਕ ਲਿਖਣ ਲਈ ਤੇ ਖੇਡਣ ਲਈ ਸ਼ੈਕਸਪੀਅਰ ਦੇ ਨਾਟਕਾਂ ਤੋਂ ਸਮੱਗਰੀ ਲੈਣ ਦੀ ਥਾਂ ਆਪਣੇ ਪਿੰਡਾਂ ਦੀਆਂ ਸਮੱਸਿਆਵਾਂ ਲੈਣੀਆਂ ਚਾਹੀਦੀਆਂ ਹਨ। ਨੰਦਾ ਤੋਂ ਇਲਾਵਾ ਡਾ. ਹਰਚਰਨ ਸਿੰਘ ਦਾ ਇਕਾਂਗੀ ਨਵਾਂ ਚਾਨਣ, ਡਾ. ਫੁੱਲ ਦੇ ਇਕਾਂਗੀ, ਟਾਹਲੀ, ਪਾੜ੍ਹੇ ਦੀ ਵਹੁਟੀ, ਬੇਵਸੀ ਆਦਿ ਸੁਧਾਰਵਾਦੀ ਪ੍ਰਵਿਰਤੀ ਅਧੀਨ ਲਿਖੇ ਗਏ ਇਕਾਂਗੀ ਹਨ ਇਨ੍ਹਾਂ ਵਿੱਚ ਸਮੇਂ ਦੀਆਂ ਸਮੱਸਿਆਵਾਂ ਤੇ ਕੁਰੀਤੀਆਂ ਤੇ ਵਿਅੰਗਮਈ ਢੰਗ ਨਾਲ ਗੱਲ ਕੀਤੀ ਗਈ ਹੈ।

2. **ਆਰਥਿਕ ਪ੍ਰਵਿਰਤੀ**: ਆਰਥਿਕਤਾ ਸਾਡੇ ਪੰਜਾਬੀ ਸੱਭਿਆਚਾਰ ਦੀ ਜਾਂ ਸਾਡੇ ਸਮਾਜ ਦੀ ਸਭ ਤੋਂ ਵੱਡੀ ਸਮੱਸਿਆ ਰਹੀ। ਇਸ ਸਮੱਸਿਆ ਨੇ ਸਾਡੇ ਪੰਜਾਬੀ ਸਾਹਿਤ ਨੂੰ ਵੀ ਪ੍ਰਭਾਵਿਤ ਕੀਤਾ। ਇਕਾਂਗੀ ਸਾਹਿਤ ਵਿੱਚ ਆਰਥਿਕ ਪ੍ਰਵਿਰਤੀ ਵਾਲੇ ਇਕਾਂਗੀ ਵੀ ਮਿਲਦੇ ਹਨ। ਇੱਥੇ ਇਸ ਪ੍ਰਵਿਰਤੀ ਅਧੀਨ 'ਸੁਹਾਗ' (ਦੁਲਹਨ) 1913 ਇਕਾਂਗੀ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਡਾ. ਰੌਸ਼ਨ ਲਾਲ ਅਹੂਜਾ ਅਨੁਸਾਰ ਇਹ ਇਕਾਂਗੀ ਵਿੱਚ ਆਰਥਿਕ ਕਮਜ਼ੋਰੀ ਦੇ ਵਿਆਹ ਦੀ ਸਮੱਸਿਆ ਦਾ ਅਸਰ ਵਿਖਾਇਆ ਗਿਆ ਹੈ। ਹੁਸ਼ਿਆਰ ਚੰਦ ਦੀ ਲੜਕੀ ਸਤਾਰ੍ਹਾਂ–ਅਠਾਰ੍ਹਾਂ ਸਾਲਾਂ ਦੀ ਹੋ ਗਈ ਹੈ, ਪਰ ਉਸ ਲਈ ਵਰ ਨਹੀਂ ਮਿਲ ਸਕਿਆ। ਇੱਕ ਪਿਨਸ਼ਨਰ ਮਿਲਿਆ ਹੈ, ਜਿਸਦੇ ਦੋ ਮੁੰਡੇ ਨੌਕਰ ਹਨ ਅਤੇ ਜੋ ਪਿਛਲੇ ਸਾਲ ਧੀ ਦਾ ਵਿਆਹ ਵੀ ਕਰ ਚੁੱਕਾ ਹੈ। ਉਸਦੇ ਪੁੱਤਰਾਂ ਨੇ ਜਾਇਦਾਦ ਦਾ ਹਿੱਸਾ ਮੰਗਿਆ, ਪਰ ਪਿਓ ਨੇ ਇਨਕਾਰ ਕਰ ਦਿੱਤਾ। ਵੱਡੇ ਪੁੱਤਰ ਨੇ ਤਾਹਨਾ ਮਾਰਿਆ ਕਿ ਹੁਣ ਕਿਹੜਾ ਕੋਈ ਜਾਇਦਾਦ ਵੰਡਾਉਣ ਵਾਲਾ ਜੰਮ ਪੈਣਾ ਹੈ। ਜ਼ਿੱਦ ਵਿੱਚ ਆ ਕੇ ਪਿਓ ਨੇ ਦੂਜੇ ਵਿਆਹ ਲਈ ਹੁਸ਼ਿਆਰ ਚੰਦ ਦੀ ਧੀ ਨੂੰ ਮਨਾ ਲਿਆ ਤੇ ਰੁਪਇਆਂ ਦੀ ਇੱਕ ਥੈਲੀ ਵੀ ਵਿਆਹ 'ਤੇ ਖ਼ਰਚ ਲਈ ਹਾਜ਼ਰ ਕੀਤੀ। ਨਾ ਮੰਨਦੀ ਹੋਈ ਹੁਸ਼ਿਆਰ ਚੰਦ ਦੀ ਤੀਵੀਂ ਦਾਬੇ ਹੇਠ ਮੰਨ ਜਾਂਦੀ ਹੈ ਤੇ ਉਹ ਵੀ ਰੁਪਈਆਂ ਦੇ ਲਾਲਚ ਵਿੱਚ ਆ ਕੇ, ਪਰ ਐਨ ਲਾਵਾਂ ਵੇਲੇ ਮੇਲੋ ਗੁਆਂਢਣ ਬਸੰਤ ਨਾਲ ਨਾਨਕੇ ਨੱਠ ਜਾਂਦੀ ਹੈ। ਹੁਸ਼ਿਆਰ ਚੰਦ ਮੇਲੋ ਦੀ ਥਾਂ 'ਤੇ ਛੇ ਕੁ ਸਾਲਾਂ ਦੀ ਲੜਕੀ ਲਾਜੋ ਨੂੰ ਗੁੱਡੀਆਂ ਲਈ ਰੋਂਦੀ ਨੂੰ ਚੁੱਕ ਕੇ ਲੈ ਜਾਂਦਾ ਹੈ।

**ਸਮਾਜਿਕ ਪ੍ਰਵਿਰਤੀ ਵਾਲੇ ਇਕਾਂਗੀ:-** ਸਮਾਜਿਕ ਪ੍ਰਵਿਰਤੀ ਵਾਲੇ ਇਕਾਂਗੀਆਂ ਵਿੱਚ ਸਮਾਜ ਸੁਧਾਰ ਦੇ ਆਸੇ ਨੂੰ ਰੱਖ ਕੇ ਰਚਨਾ ਲਿਖੀ ਜਾਂਦੀ ਹੈ ਜਿਸ ਵਿੱਚ ਸਮਾਜ ਵਿੱਚ ਵਾਪਰਦੀਆਂ ਸਮੱਸਿਆਵਾਂ ਨੂੰ ਰੂਪਮਾਨ ਕੀਤਾ ਜਾਂਦਾ ਹੈ। ਸਮਾਜਿਕ ਪ੍ਰਵਿਰਤੀ ਵਾਲੇ ਇਕਾਂਗੀਆਂ ਅੰਦਰ ਕਈ ਇਕਾਂਗੀ ਗਿਣੇ ਜਾ ਸਕਦੇ ਹਨ। ਇਸ ਪ੍ਰਵਿਰਤੀ

ਅਧੀਨ ਲਿਖਣ ਵਾਲੇ ਇਕਾਂਗੀਕਾਰ ਪ੍ਰੋ. ਨੰਦਾ ਜਿਨ੍ਹਾਂ ਦੀਆਂ ਇਕਾਂਗੀਆਂ ਜਿੰਨ, ਇਹ ਡੂੰਮਣੇ, ਸੁਹਾਗ ਆਦਿ, ਡਾ. ਹਰਚਰਨ ਸਿੰਘ ਦੀਆ ਇਕਾਂਗੀਆਂ ਮਾਂ, ਗੁੱਡੀ ਦਾ ਵਿਆਹ, ਦਿਲ ਦਰਿਆ, ਮੁੜਕੇ ਦੀ ਖੁਸ਼ਬੋ, ਕਾਇਆ ਕਲਪ, ਨਵਾਂ ਚਾਨਣ ਆਦਿ, ਪ੍ਰਿੰ. ਸੇਖੋ ਦੀਆਂ ਇਕਾਂਗੀਆਂ ਦੂਜਾ ਵਿਆਹ, ਇੱਕ ਐਤਵਾਰ, ਵਿਆਹੁਲੀ, ਬਲਵੰਤ ਗਾਰਗੀ ਦੀਆਂ ਸਮਾਜਕ ਪ੍ਰਵਿਰਤੀ ਵਾਲੀਆਂ ਇਕਾਂਗੀਆਂ ਡਾ. ਪਲਟਾ, ਗਿਰਝਾਂ, ਪ੍ਰੋ. ਗੁਰਦਿਆਲ ਸਿੰਘ ਫੁੱਲ, ਅਹੂਜਾ ਦੀਆਂ ਇਕਾਂਗੀਆਂ ਇਨਕਮ ਟੈਕਸ, ਸੋਨੇ ਦਾ ਹਾਰ, ਇੰਦਰ ਜਾਲ, ਘੁੰਮਣ ਦੀਆਂ ਇਕਾਂਗੀਆਂ ਜੈਲਦਾਰ ਰਸਤੇ ਅਜਮੇਰ ਸਿੰਘ ਔਲਖ ਆਦਿ ਦੀਆਂ ਇਕਾਂਗੀਆਂ ਵੀ ਸਮਾਜਿਕ ਪ੍ਰਵਿਰਤੀ ਨਾਲ ਸੰਬੰਧਿਤ ਹਨ।

ਉਦਾਹਰਣ ਵਜੋਂ ਬਲਵੰਤ ਗਾਰਗੀ ਦੇ ਇਕਾਂਗੀ 'ਦਸਵੰਧ' ਅੰਦਰ ਰਿਸ਼ਵਤਖੋਰੀ ਵਿਰੁੱਧ ਲਿਖਿਆ ਹੈ, ਇਹ ਵੀ ਲਿਖਿਆ ਹੈ ਕਿ ਰਿਸ਼ਵਤ ਨੂੰ ਰੋਕਣ ਵਾਲੇ, ਖੁਦ ਵੀ ਕਈ ਢੰਗਾਂ ਨਾਲ ਰਿਸ਼ਵਤ ਲੈਂਦੇ ਹਨ। ਇੱਥੇ ਭਾਰੀ ਵਿਅੰਗ ਆ ਗਿਆ ਹੈ। ਸ੍ਰ. ਗੁਰਚਰਨ ਸਿੰਘ ਜਸੂਜਾ ਦਾ ਇਕਾਂਗੀ 'ਦੁਸ਼ਮਣ' ਵੀ ਸਮਾਜਿਕ ਪ੍ਰਵਿਰਤੀ ਵਾਲਾ ਹੈ, ਜਿਸ ਅੰਦਰ ਵਿਖਾਇਆ ਗਿਆ ਹੈ ਕਿ ਸਮਾਜ ਅੰਦਰ ਕਿਸ ਤਰ੍ਹਾਂ ਮਿਲਾਵਟ ਕੀਤੀ ਜਾਂਦੀ ਹੈ। ਵਪਾਰੀ ਖੁਦ ਮਿਲਾਵਟ ਕਰਦੇ ਹਨ, ਪਰ ਜਦੋਂ ਹੋਰਨਾਂ ਦੁਆਰਾ ਮਿਲਾਵਟ ਕੀਤੀਆਂ ਚੀਜਾਂ ਖੁਦ ਖਾਣੀਆਂ ਪੈਂਦੀਆਂ ਹਨ ਤਾਂ ਸ਼ਿਕਾਇਤ ਕਰਦੇ ਹਨ ਕਿ ਮਿਲਾਵਟ ਵਾਲੀਆਂ ਚੀਜ਼ਾਂ ਖਾਣ ਨਾਲ ਉਨ੍ਹਾਂ ਦੀ ਸਿਹਤ ਖ਼ਰਾਬ ਹੁੰਦੀ ਹੈ।

**ਧਾਰਮਿਕ ਪ੍ਰਵਿਰਤੀ ਵਾਲੇ ਇਕਾਂਗੀ:-** ਧਾਰਮਿਕ ਪ੍ਰਵਿਰਤੀ ਵਾਲੇ ਇਕਾਂਗੀ ਵਿੱਚ ਧਾਰਮਿਕ ਵਿਚਾਰਧਾਰਾ ਨੂੰ ਅਪਣਾਇਆ ਗਿਆ ਹੁੰਦਾ ਹੈ। ਇਨ੍ਹਾਂ ਦੇ ਸੰਬੰਧ ਵਿੱਚ ਡਾ. ਗੁਰਦਿਆਲ ਸਿੰਘ ਫੁੱਲ ਲਿਖਦੇ ਹਨ ਕਿ, "ਸਿੱਖ ਧਰਮ ਤੇ ਸਿੱਖ ਗੁਰੂਆਂ ਬਾਰੇ ਸਭ ਤੋਂ ਪਹਿਲਾਂ ਧਾਰਮਿਕ ਇਕਾਂਗੀ ਗੁਰਦਿਆਲ ਸਿੰਘ ਫੁੱਲ ਤੇ ਹਰਚਰਨ ਸਿੰਘ ਨੇ ਲਿਖੇ। ਗੁਰਦਿਆਲ ਸਿੰਘ ਫੁੱਲ ਦਾ 'ਕੁਰਬਾਨੀ' (ਖਾਲਸਾ ਕਾਲਜ, ਅੰਮ੍ਰਿਤਸਰ ਦੇ ਮੈਗਜ਼ੀਨ 'ਦਰਬਾਰ' ਵਿੱਚ ਛਪਿਆ ਸੀ) ਲਿਖਿਆ। ਇਸ ਵਿੱਚ ਬਾਲ ਗੋਬਿੰਦ ਰਾਏ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਹਿੰਦੂ ਧਰਮ ਦੀ ਰੱਖਿਆ ਲਈ ਕੁਰਬਾਨੀ ਕਰਨ ਵਾਸਤੇ ਬੇਨਤੀ ਕਰਦੇ ਹਨ। ਹਰਚਰਨ ਸਿੰਘ ਦੇ 'ਹੰਸ' (ਜੀਵਨ ਲੀਲ੍ਹਾ) ਵਿੱਚ ਗੁਰੂ ਨਾਨਕ ਦੇਵ ਜੀ ਤਪੇ ਦੇ ਰੂਪ ਵਿੱਚ ਆਉਂਦੇ ਹਨ ਇਸ ਤੋਂ ਮਗਰੋਂ ਰੌਸ਼ਨ ਲਾਲ ਅਹੂਜਾ ਨੇ (ਪਰਿਵਰਤਨ) ਲਿਖਿਆ। ਇਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਵੈਰਾਗੀ ਬੰਦਾ ਬਹਾਦਰ ਨੂੰ ਪੰਜਾਬ ਵਿੱਚ ਜ਼ੁਲਮ ਦਾ ਨਾਸ਼ ਕਰਨ ਲਈ ਭੇਜਦੇ ਹਨ। ਜਸੂਜੇ ਦਾ ਇਕਾਂਗੀ ਪਾਰਸ, ਗੁਰਸ਼ਰਨ ਸਿੰਘ ਦਾ ਇਕਾਂਗੀ 'ਕਿਵ ਕੂੜੇ ਤੁੱਪੇ ਪਾਲ' ਇਸੇ ਪ੍ਰਵਿਰਤੀ ਵਿੱਚ ਆਉਂਦੇ

ਹਨ।

**ਇਤਿਹਾਸਕ ਇਕਾਂਗੀ:-** ਇਤਿਹਾਸਕ ਇਕਾਂਗੀ ਦੇ ਪਾਤਰ ਅਤੇ ਘਟਨਾਵਾਂ ਇਤਿਹਾਸ ਨਾਲ ਸੰਬੰਧਿਤ ਹੁੰਦੇ ਹਨ ਇਸ ਸੰਬੰਧ ਵਿੱਚ ਡਾ. ਗੁਰਦਿਆਲ ਸਿੰਘ ਫੁੱਲ ਨੇ ਕਾਫ਼ੀ ਇਕਾਂਗੀਆਂ ਦੇ ਜ਼ਿਕਰ ਕੀਤੇ ਹਨ। ਇਸ ਸੰਬੰਧ ਵਿੱਚ ਪ੍ਰੀਤਮ ਸਿੰਘ ਸਫ਼ੀਰ ਦੇ ਲਿਖੇ ਇਕਾਂਗੀ ਦੇਖੇ ਜਾ ਸਕਦੇ ਹਨ, ਜਿਵੇਂ:– 'ਚਾਂਦ ਬੀਬੀ' ਅਤੇ 'ਰਾਣੀ ਸਾਹਿਬ ਕੌਰ', ਡਾ. ਹਰਚਰਨ ਸਿੰਘ ਦੁਆਰਾ ਲਿਖੇ ਇਕਾਂਗੀ 'ਸਾਂਝਾ ਰਾਜ' ਅਤੇ 'ਸੰਦੇਸ਼'। ਪ੍ਰਿੰ. ਸੇਖੋਂ ਦਾ ਲਿਖਿਆ ਇਕਾਂਗੀ 'ਕਸ਼ਮੀਰ ਦਾ ਮਸਲਾ' ਅਤੇ ਫੁੱਲ ਦਾ ਲਿਖਿਆ ਇਕਾਂਗੀ 'ਮਾਈ ਭਾਗੋ' ਇਸੇ ਸ਼੍ਰੇਣੀ ਵਿੱਚ ਆਉਂਦੇ ਹਨ। ਇਸ ਤੋਂ ਇਲਾਵਾ ਸ੍ਰ. ਕਪੂਰ ਸਿੰਘ ਘੁੰਮਣ ਨੇ ਨੂਰ ਜਹਾਂ ਦੇ ਜੀਵਨ ਵਿੱਚੋਂ ਘਟਨਾਵਾਂ ਲੈ ਕੇ ਇਕਾਂਗੀ 'ਨੂਰਜਹਾਂ' ਸੰਤ ਇੰਦਰ ਸਿੰਘ ਚੱਕਰਵਰਤੀ ਨੇ ਅਨਾਰਕਲੀ ਦੇ ਜੀਵਨ ਵਿੱਚੋਂ ਘਟਨਾਵਾਂ ਨੂੰ ਆਧਾਰ ਬਣਾ ਕੇ 'ਅਨਾਰਕਲੀ' ਲਿਖਿਆ।

**ਰੁਮਾਂਸ ਪ੍ਰਵਿਰਤੀ ਨਾਲ ਸੰਬੰਧਿਤ ਇਕਾਂਗੀ:-** ਰੁਮਾਂਸ ਪ੍ਰਵਿਰਤੀ ਨਾਲ ਸੰਬੰਧਿਤ ਇਕਾਂਗੀ ਵਿੱਚ ਨਿੱਜੀ ਪਿਆਰ ਨੂੰ ਪ੍ਰਗਟਾਇਆ ਜਾਂਦਾ ਹੈ, ਇਸ ਪ੍ਰਵਿਰਤੀ ਵਾਲੇ ਇਕਾਂਗੀ ਵੀ ਪੰਜਾਬੀ ਇਕਾਂਗੀ ਖੇਤਰ ਵਿੱਚ ਲਿਖੇ ਗਏ ਹਨ। ਇਨ੍ਹਾਂ ਇਕਾਂਗੀਆਂ ਵਿੱਚ ਪ੍ਰੇਮ ਦੇ ਸੰਜੋਗ ਤੇ ਵਿਯੋਗ ਦੋਵਾਂ ਪੱਖਾਂ ਨੂੰ ਬਿਆਨਿਆ ਜਾਂਦਾ ਹੈ, ਡਾ. ਗੁਰਦਿਆਲ ਸਿੰਘ ਫੁੱਲ ਦਾ ਵਿਚਾਰ ਇਹ ਹੈ ਕਿ ਪੰਜਾਬੀ ਅੰਦਰ ਰੁਮਾਂਚਕ ਇਕਾਂਗੀ ਸ੍ਰ. ਕਰਤਾਰ ਸਿੰਘ ਦੁੱਗਲ ਨੇ 'ਪੋਠੋਹਾਰ' ਲਿਖਿਆ ਸੀ, ਜੋ 1941 ਵਿੱਚ 'ਇੱਕ ਸਿਫ਼ਰ ਸਿਫ਼ਰ ਅੰਦਰ' ਛਪਿਆ ਸੀ। ਇਹ ਇਕਾਂਗੀ ਪੋਠੋਹਾਰੀ ਵਿੱਚ ਸੀ।

**ਯਥਾਰਥਵਾਦੀ ਇਕਾਂਗੀ ਦੀ ਪ੍ਰਵਿਰਤੀ:-** ਇਸ ਤਰ੍ਹਾਂ ਦੇ ਇਕਾਂਗੀ ਲਿਖਣ ਦੀ ਪ੍ਰਵਿਰਤੀ ਵੀ ਪੰਜਾਬੀ ਇਕਾਂਗੀ ਦੇ ਖੇਤਰ ਅੰਦਰ ਮਿਲਦੀ ਹੈ। ਇਸ ਤਰ੍ਹਾਂ ਦੀ ਪ੍ਰਵਿਰਤੀ ਦਾ ਜ਼ਿਕਰ ਡਾ. ਗੁਰਦਿਆਲ ਸਿੰਘ ਫੁੱਲ ਨੇ ਕੀਤਾ, ਕਿ ਉਹ ਅਜਿਹੇ ਇਕਾਂਗੀਆਂ ਦੇ ਸੰਬੰਧ ਵਿੱਚ ਲਿਖਦੇ ਹਨ ਕਿ, "ਇਸ ਇਕਾਂਗੀ ਵਿੱਚ ਜੀਵਨ ਦੀ ਅਸਲੀ ਝਾਕੀ, ਅਸਲੀ ਪਾਤਰ ਤੇ ਜੀਵਨਮਈ ਵਿਸ਼ਾ ਲਿਆ ਜਾਂਦਾ ਹੈ। ਇਸ ਵਿੱਚ ਸਾਧਾਰਨ ਮਨੁੱਖ ਦੀ ਸਾਧਾਰਨ ਸਮੱਸਿਆ ਲਈ ਜਾਂਦੀ ਹੈ। ਵਾਰਤਾਲਾਪ ਆਮ ਬੋਲਚਾਲ ਵਾਲੀ ਉਪਭਾਸ਼ਾ ਵਿੱਚ ਹੁੰਦੀ ਹੈ। ਇਸ ਵਿੱਚ ਮਨੁੱਖ ਦੀਆਂ ਆਰੰਭਿਕ ਪਸ਼ੂ ਬਿਰਤੀਆਂ, ਕਾਮ, ਕਲੇਸ਼, ਗੁੱਸਾ, ਵੈਰ, ਈਰਖਾ ਭਾਵ, ਕੌੜੀ ਡਰਾਉਣੀ ਅਸਲੀਅਤ ਦਲੇਰੀ ਨਾਲ ਪ੍ਰਗਟਾਈ ਜਾਂਦੀ ਹੈ, ਪਰ ਜਦ ਇਕਾਂਗੀ ਵਿੱਚ, ਜੋ ਕੁੱਝ ਦਿਸਦਾ ਹੈ, ਉਂਝ ਹੀ ਗੰਦਾ–ਮੰਦਾ, ਅਸ਼ਲੀਲ, ਕੋਹਝਾ, ਵਹਿਸ਼ੀਪਨ, ਬਿਨ੍ਹਾਂ ਕਲਾਤਮਕ ਚੋਣ ਦੇ ਪ੍ਰਗਟਾਅ ਦਿੱਤਾ ਜਾਵੇ ਤਾਂ ਇਕਾਂਗੀ ਅਯਥਾਰਥਵਾਦੀ ਬਣ ਜਾਵੇਗਾ ਜਾਂ ਪ੍ਰਵਿਰਤੀਵਾਦੀ ਬਣ

ਜਾਵੇਗਾ। ਨੰਗੇਜ਼, ਅਸ਼ਲੀਲਤਾ ਤੇ ਵਹਿਮ ਭਾਰੂ ਹੋ ਜਾਵੇਗਾ। ਡਾ. ਫੁੱਲ ਅਨੁਸਾਰ, "ਅਸਲ ਵਿੱਚ ਮੰਚੀ ਪੰਜਾਬੀ ਇਕਾਂਗੀ ਦਾ ਪੁਨਰ ਜਨਮ ਹੀ ਯਥਾਰਥਵਾਦੀ ਬਿਤਰੀ ਨਾਲ ਹੋਇਆ ਹੈ।

ਇਹ ਪ੍ਰਵਿਰਤੀ ਸਭ ਤੋਂ ਪਹਿਲਾਂ ਈਸ਼ਵਰ ਚੰਦਰ ਨੰਦਾ ਦੇ ਇਕਾਂਗੀ 'ਮਾਂ ਦਾ ਡਿਪਟੀ' ਵਿੱਚ ਦੇਖਣ ਨੂੰ ਮਿਲੀ। ਇਸ ਪ੍ਰਵਿਰਤੀ ਦਾ ਸਫਲਤਾ ਪੂਰਵਕ ਨਿਭਾਅ ਪ੍ਰਿ: ਸੰਤ ਸਿੰਘ ਸੇਖੋਂ ਦੇ ਇਕਾਂਗੀ ਪੱਤਰ, ਮਹਾਤਮਾ, ਇੱਕ ਐਤਵਾਰ ਵਿੱਚ ਕੀਤਾ ਗਿਆ ਹੈ। ਇਸ ਤੋਂ ਇਲਾਵਾ ਡਾ. ਹਰਚਰਨ ਸਿੰਘ ਇਕਾਂਗੀ, ਖੋਸਲੇ ਦੇ ਸਾਰੇ ਇਕਾਂਗੀ, ਜਸੂਜੇ ਦੇ ਇਕਾਂਗੀ ਆਦਿ ਇਕਾਂਗੀਕਾਰਾਂ ਨੇ ਇਸ ਪ੍ਰਵਿਰਤੀ ਨੂੰ ਆਪਣੀਆਂ ਲਿਖਤਾਂ ਵਿੱਚ ਬਾਖੂਬੀ ਵਰਤਿਆ ਹੈ।

**ਦੇਸ਼ ਭਗਤੀ ਦੀ ਪ੍ਰਵਿਰਤੀ:-** ਦੇਸ਼ ਭਗਤੀ ਨਾਲ ਸੰਬੰਧਿਤ ਇਕਾਂਗੀ ਬਹੁਤ ਲਿਖੇ ਗਏ ਹਨ। ਇਨ੍ਹਾਂ ਵਿੱਚ ਸੰਤ ਸਿੰਘ ਸੇਖੋਂ ਦਾ ਇਕਾਂਗੀ 'ਨਿਸ਼ਾਂਤ ਬਾਗ ਵਿੱਚ' ਅਤੇ ਕਰਤਾਰ ਸਿੰਘ ਦੁੱਗਲ ਦਾ ਇਕਾਂਗੀ 'ਦੀਵਾ ਬੁੱਝ ਗਿਆ'। ਦੋਵੇਂ ਇਕਾਂਗੀ ਕਬਾਇਲੀਆਂ ਦੇ ਕਸ਼ਮੀਰ 'ਤੇ ਹਮਲੇ ਦੀ ਨਿਖੇਧੀ ਕਰਦੇ ਹਨ। ਦੋਵੇਂ ਕਸ਼ਮੀਰ ਦੀਆਂ ਆਸਾਂ–ਉਮੰਗਾਂ ਨੂੰ ਉਜਾਗਰ ਕਰਦੇ ਹਨ। ਦੋਹਾਂ ਵਿੱਚ ਕਸ਼ਮੀਰੀਆਂ ਦਾ 'ਸ਼ੇਰੇ ਕਸ਼ਮੀਰ' ਦੀ ਅਗਵਾਈ ਹੇਠ ਪ੍ਰਾਪਤੀਆਂ ਦਾ ਜ਼ਿਕਰ ਹੈ।

ਸ. ਗੁਰਚਰਨ ਸਿੰਘ ਜਸੂਜਾ ਨੇ ਦੇਸ਼ ਭਗਤੀ ਵਾਲੀਆਂ ਇਕਾਂਗੀਆਂ ਦੇ ਸੰਬੰਧ ਵਿੱਚ ਜ਼ਿਕਰ ਕਰਦੇ ਕਿਹਾ ਹੈ ਕਿ "ਮਿਸਾਲ ਵਜੋਂ ਜੰਗ ਸੰਬੰਧੀ ਲਿਖੇ ਗਏ ਇਕਾਂਗੀਆਂ ਵਿੱਚ ਪਾਕਿਸਤਾਨ ਦੇ ਵਿਰੁੱਧ ਲਿਖਿਆ ਗਿਆ ਹੈ, ਤੇ ਦੇਸ਼ ਭਗਤੀ ਸੰਬੰਧੀ ਜ਼ੋਰਦਾਰ ਭਾਸ਼ਣ ਵੀ ਹਨ ਜਿਨ੍ਹਾਂ ਵਿੱਚ ਜੰਗ ਦੀ ਸਥਿਤੀ ਸਮੇਂ ਲੋਕਾਂ ਨੂੰ ਆਪਣੇ ਫ਼ਰਜ਼ਾਂ ਦੀ ਯਾਦ ਦਿਲਾਈ। ਇੱਥੋਂ ਤੱਕ ਕਿ ਕਈ ਦੁਸ਼ਮਣਾਂ ਦੇ ਹਵਾਈ ਹਮਲੇ ਤੋਂ ਬਚਣ ਦੀਆਂ ਕਈ ਹਦਾਇਤਾਂ ਵੀ ਹਨ।"

**ਦੇਸ਼ ਵੰਡ ਨਾਲ ਸੰਬੰਧਿਤ ਇਕਾਂਗੀ:-** ਦੇਸ਼ ਦੀ ਵੰਡ ਤੋਂ ਬਾਅਦ ਜਿੱਥੇ ਇੱਕ ਨਵੇਂ ਦੇਸ਼ ਨੂੰ ਜਨਮ ਦਿੱਤਾ, ਉੱਥੇ ਪੰਜਾਬ ਦਾ ਸਦੀਆਂ ਤੋਂ ਉਸਰਿਆ ਸੱਭਿਆਚਾਰ ਲਿਤਾੜਿਆ ਗਿਆ ਅਤੇ ਕਈ ਥਾਵਾਂ 'ਤੇ ਵਿੱਚੋਂ ਵੱਢਿਆ ਗਿਆ। ਇਸ ਪ੍ਰਵਿਰਤੀ ਅਧੀਨ ਡਾ. ਅਹੂਜਾ ਨੇ ਹਾਏ ਮੇਰੀ ਧੀ, ਬਲਵੰਤ ਕੌਰ ਦੁੱਗਲ ਨੇ 'ਸ਼ਰਨਾਰਥੀ', ਡਾ. ਫੁੱਲ ਨੇ 'ਕਬਰਸਤਾਨ', ਡਾ. ਹਰਚਰਨ ਸਿੰਘ ਨੇ 'ਚੌਧਰੀ', ਸ੍ਰ. ਹਰਸਰਨ ਸਿੰਘ ਨੇ 'ਇੱਕ ਵਿਚਾਰੀ ਮਾਂ', ਸ੍ਰ. ਗੁਰਦਿਆਲ ਸਿੰਘ ਖੋਸਲੇ ਨੇ 'ਬੇ–ਘਰੇ' ਅਤੇ ਡਾ. ਅਮਰੀਕ ਸਿੰਘ ਨੇ 'ਆਂਦਰਾਂ' ਇਕਾਂਗੀ ਲਿਖੇ ਇਹ ਰਚਨਾਵਾਂ ਦੇਸ਼ ਵੰਡ ਨਾਲ ਸੰਬੰਧਿਤ ਸਮੱਸਿਆਵਾਂ ਪ੍ਰਤੀ ਇੱਕ ਭਾਵਪੂਰਨ ਉਪਰਾਲਾ ਹੈ।

**ਪ੍ਰਭਾਵਵਾਦੀ ਪ੍ਰਵਿਰਤੀ ਵਾਲੇ ਇਕਾਂਗੀ:-** ਡਾ. ਫੁੱਲ ਅਨੁਸਾਰ ਕਈ ਇਕਾਂਗੀਕਾਰ ਜਿਵੇਂ ਘੁੰਮਣ, ਗਾਰਗੀ, ਡਾ. ਸੇਠੀ ਆਦਿ ਦਾ ਵਿਚਾਰ ਹੈ ਕਿ ਦਰਸ਼ਕ ਕੇਵਲ ਬਾਹਰਮੁਖੀ ਕੋਈ ਸਥੂਲ ਤੇ ਰੁੱਖੀ ਯਥਾਰਥਵਾਦੀ ਝਾਕੀ ਜਾਂ ਕਾਰਜ ਹੀ ਨਹੀਂ ਵੇਖਣਾ ਚਾਹੁੰਦੇ, ਸਗੋਂ ਉਹ ਯਥਾਰਥਵਾਦ ਦੇ ਅੰਦਰ ਲੁਕੇ ਅਸਲੀ ਸੱਚ ਬਾਰੇ ਜਾਣਨਾ ਚਾਹੁੰਦੇ ਹਨ। ਇਕਾਂਗੀਕਾਰ ਯਥਾਰਥਵਾਦ ਦੇ ਅੰਤਿਹ–ਕਰਨ ਵਿੱਚ ਲੁਕੇ ਆਤਮਿਕ ਸੱਚ ਨੂੰ ਜਾਂ ਮਨੁੱਖੀ ਦਵੰਦ ਨੂੰ ਤੇ ਮਨੋਵਿਗਿਆਨਕ ਤੱਤਾਂ ਨੂੰ ਯਥਾਰਥਵਾਦੀ ਨਾਟਕੀ ਵਿਧੀ ਜਾਂ ਨਾਟਕੀ ਵਿਧਾ ਨਾਲ ਪ੍ਰਗਟਾਅ ਨਹੀਂ ਸਕਦੇ, ਸਗੋਂ ਪਰ ਯਥਾਰਥਵਾਦੀ ਜਾਂ ਪ੍ਰਭਾਵਵਾਦੀ ਵਿਧੀ ਨਾਲ ਪ੍ਰਗਟਾਅ ਸਕਦੇ ਹਨ। ਇਸ ਪ੍ਰਵਿਰਤੀ ਅਧੀਨ ਸਾਨੂੰ ਪੰਜਾਬੀ ਵਿੱਚ ਘੁੰਮਣ ਦਾ ਇਕਾਂਗੀ ਮੰਨ–ਅੰਤਰ ਕੀ ਪੀੜ, ਡਾ. ਫੁੱਲ ਦੇ ਇਕਾਂਗੀ 'ਸੁੱਕ ਗਏ ਕੁਮਲਾਏ' ਅਤੇ 'ਕਰਫਿਊ ਵਾਲੀ ਰਾਤ' ਲਿਖੇ ਮਿਲਦੇ ਹਨ।

**ਵਿਅੰਗਾਤਮਕ ਪ੍ਰਵਿਰਤੀ ਦੇ ਇਕਾਂਗੀ:-** ਇਸ ਪ੍ਰਵਿਰਤੀ ਦੇ ਇਕਾਂਗੀ ਦੀ ਮੁੱਖ ਸੁਰ ਵਿਅੰਗਮਈ ਹੁੰਦੀ ਹੈ। ਇਸ ਵੰਨਗੀ ਦੇ ਨਾਟਕ ਜਾਂ ਇਕਾਂਗੀ ਸੁਧਾਰ ਕਰਨ ਹਿੱਤ ਲਿਖੇ ਜਾਂਦੇ ਹਨ। ਕਈ ਵਾਰ ਇਕਾਂਗੀਕਾਰ ਨੂੰ ਇਕਾਤਮਕ ਵਿਧੀ ਤੋਂ ਕੰਮ ਲੈਣਾ ਪੈਂਦਾ ਹੈ। ਇਸ ਪ੍ਰਵਿਰਤੀ ਅਧੀਨ ਲਿਖੇ ਗਾਰਗੀ ਦੇ ਇਕਾਂਗੀ 'ਡਾ. ਪਲਟਾ', 'ਦਸਵੰਧ', ਘੁੰਮਣ ਦੇ ਇਕਾਂਗੀ 'ਅਸਲੀ ਨਕਲੀ' ਡਾ. ਫੁੱਲ ਦਾ ਇਕਾਂਗੀ 'ਮੂੰਹ ਖੁੱਲ੍ਹਾ ਲਓ' ਆਤਮਜੀਤ ਦਾ ਇਕਾਂਗੀ ਲੋਕ ਨਾਥ ਅਕਲਮੰਦ, ਕੁੱਤਾ ਤੇ ਮਨੁੱਖ ਆਦਿ ਹਨ।

**ਮਨੋਵਿਗਿਆਨਕ ਪ੍ਰਵਿਰਤੀ ਦੇ ਇਕਾਂਗੀ:-** ਮਨੋਵਿਗਿਆਨਕ ਇਕਾਂਗੀ ਵਿੱਚ ਜਾਂ ਤਾਂ ਪਾਤਰ ਦੇ ਮਨ ਦਾ ਦਵੰਦ ਪ੍ਰਗਟਾਇਆ ਗਿਆ ਹੁੰਦਾ ਹੈ ਜਾਂ ਕਿਸੇ ਮਨੋਵਿਗਿਆਨਕ ਸਿਧਾਂਤ ਦੀ ਪੂਰਤੀ ਕੀਤੀ ਦਿਖਾਈ ਜਾਂਦੀ ਹੈ। ਪੰਜਾਬੀ ਸਾਹਿਤ ਵਿੱਚ ਮਨੋਵਿਗਿਆਨਕ ਇਕਾਂਗੀ ਪੱਛਮੀ ਪ੍ਰਭਾਵ ਸਦਕੇ ਲਿਖੇ ਜਾਣ ਲੱਗੇ। ਇਕਾਂਗੀ ਦੀ ਇਹ ਪ੍ਰਵਿਰਤੀ ਡਾ. ਸੇਠੀ ਦੇ ਇਕਾਂਗੀ 'ਅਪਮਾਨ', ਘੁੰਮਣ ਦੇ ਇਕਾਂਗੀ 'ਮਨ ਅੰਤਰ ਕੀ ਪੀੜ', ਗਾਰਗੀ ਦੀ ਇਕਾਂਗੀ 'ਪੱਤਣ ਦੀ ਬੇੜੀ', ਫੁੱਲ ਦੇ ਇਕਾਂਗੀ 'ਮੌਤ' ਵਿੱਚ ਵੇਖੀ ਜਾ ਸਕਦੀ ਹੈ, ਗਾਰਗੀ ਦਾ ਇਕਾਂਗੀ 'ਪੱਤਣ ਦੀ ਬੇੜੀ' ਇਸ ਵੰਨਗੀ ਦਾ ਪਹਿਲਾ ਇਕਾਂਗੀ ਕਿਹਾ ਜਾ ਸਕਦਾ ਹੈ।

**ਚਿੰਨ੍ਹਾਤਮਕ ਪ੍ਰਵਿਰਤੀ ਦੇ ਇਕਾਂਗੀ:-** ਇਸ ਪ੍ਰਵਿਰਤੀ ਦੇ ਇਕਾਂਗੀਆਂ ਵਿੱਚ ਚਿੰਨ੍ਹਮਈ ਭਾਸ਼ਾ ਦੀ ਵਰਤੋਂ ਕਰਨ ਦੇ ਨਾਲ–ਨਾਲ ਕਈ ਵਾਰ ਚਿੰਨ੍ਹ ਦੀ ਵਰਤੋਂ ਨਾਲ ਜੀਵ ਵਸਤਾਂ ਦਾ ਮਾਨਵੀਕਰਨ ਕੀਤਾ ਗਿਆ ਹੁੰਦਾ ਹੈ।

ਇਸ ਪ੍ਰਵਿਰਤੀ ਅਧੀਨ ਆਤਮਜੀਤ ਨੇ ਆਪਣੇ ਇਕਾਂਗੀ ਚਾਬੀਆਂ ਵਿੱਚ ਚਾਬੀਆਂ ਅਤੇ ਅਲਮਾਰੀਆਂ ਦਾ ਮਾਨਵੀਕਰਨ ਕੀਤਾ ਹੈ। ਪੰਜਾਬੀ ਵਿੱਚ ਚਿੰਨ੍ਹਾਤਮਕ ਪ੍ਰਵਿਰਤੀ ਗਾਰਗੀ ਦੇ ਇਕਾਂਗੀ ਕੁਆਰੀ ਟੀਸੀ ਤੋਂ ਆਰੰਭ ਹੁੰਦੀ ਹੈ। ਪ੍ਰੋ. ਆਤਮਜੀਤ ਦੇ ਇਕਾਂਗੀਆਂ ਬਾਰੇ ਡਾ. ਫੁੱਲ ਦਾ ਕਹਿਣਾ ਹੈ ਕਿ 'ਆਤਮਜੀਤ' ਨਵੇਂ ਚਿੰਨ੍ਹ ਦੀ ਵਰਤੋਂ ਨਾਲ ਡੂੰਘੇ ਅਰਥ ਸਿਰਜ ਕੇ ਸਮੇਂ ਦੀਆਂ ਹੰਡ ਚੁੱਕੀਆਂ ਕੀਮਤਾਂ, ਖੁਸ਼ੀਆਂ, ਤ੍ਰਿਪਤੀਆਂ, ਆਸ਼ਾਵਾਂ ਨੂੰ ਬਹੁਤ ਕਲਾਤਮਕ ਢੰਗ ਨਾਲ ਫਿੱਟ ਕਰਦਾ ਹੈ।

**ਇਤਿਹਾਸਕ ਇਕਾਂਗੀ ਪ੍ਰਵਿਰਤੀ:-** ਇਕ ਪ੍ਰਵਿਰਤੀ ਅਧੀਨ ਵੀ ਪੰਜਾਬੀ ਦੇ ਕੁਝ ਇਕਾਂਗੀਕਾਰਾਂ ਨੇ ਇਕਾਂਗੀ ਲਿਖੇ ਹਨ। ਇਨ੍ਹਾਂ ਵਿੱਚ ਡਾ. ਹਰਚਰਨ ਸਿੰਘ ਦਾ 'ਜ਼ਫ਼ਰਨਾਮਾ', 'ਜੈ ਬੰਗਲਾ ਦੇਸ਼', 'ਸੰਦੇਸ਼ਾ', 'ਸਾਂਝਾ ਰਾਜ', ਘੁੰਮਣ ਦੇ ਇਕਾਂਗੀ 'ਮਨ ਅੰਤਰ ਕੀ ਪੀੜ', 'ਅਣਖ ਦੀ ਜੋਤ', ਗੁਰਦਿਆਲ ਸਿੰਘ ਫੁੱਲ ਦਾ ਇਕਾਂਗੀ 'ਨਾਨਕ ਨਾਮ ਸਮਾਇ', ਡਾ. ਰੌਸ਼ਨ ਲਾਲ ਅਹੂਜਾ ਦੇ ਇਕਾਂਗੀ 'ਅੰਦੋਲਨ', 'ਪਰਿਵਰਤਨ', 'ਚਮਕੌਰ ਦੇ ਪ੍ਰਾਹੁਣੇ', ਪਾਂਧੀ ਨਨਕਾਣਵੀ ਦਾ ਇਕਾਂਗੀ 'ਵਲੀ ਕੰਧਾਰੀ', ਹਰਸਰਨ ਸਿੰਘ ਦਾ ਇਕਾਂਗੀ 'ਠੰਡਾ ਪਾਣੀ', 'ਬਬਰ', ਗੁਰਸ਼ਰਨ ਸਿੰਤ ਦਾ ਇਕਾਂਗੀ 'ਕਿਵ ਕੂੜੇ ਤੁਟੈ ਪਾਲਿ' ਆਦਿ ਇਤਿਹਾਸਕ ਪ੍ਰਵਿਰਤੀ ਦੇ ਇਕਾਂਗੀ ਹਨ।

**ਪ੍ਰਯੋਗਵਾਦੀ ਪ੍ਰਵਿਰਤੀ ਦੇ ਇਕਾਂਗੀ:-** ਇਸ ਪ੍ਰਵਿਰਤੀ ਅਧੀਨ ਲਿਖੇ ਇਕਾਂਗੀਆਂ ਵਿੱਚ ਪਲਾਟ, ਪਾਤਰ, ਮੰਚਣ ਦੇ ਖੇਤਰ ਆਦਿ ਵਿੱਚ ਪ੍ਰਯੋਗ ਕੀਤੇ ਜਾਂਦੇ ਹਨ। ਜਿਵੇਂ ਹਿੰਦੀ ਦੇ ਇੱਕ ਇਕਾਂਗੀ ਵਿੱਚ ਮਨੁੱਖੀ ਪਾਤਰਾਂ ਦੀ ਥਾਂ ਛੱਤਰੀਆਂ ਨੂੰ ਮੰਚ 'ਤੇ ਪੇਸ਼ ਕੀਤਾ ਗਿਆ ਅਤੇ ਉਨ੍ਹਾਂ ਦੀ ਵਾਰਤਾਲਾਪ ਰੰਗਮੰਚ ਦੇ ਪਿਛੋਕੜ ਤੋਂ ਉਚਾਰੀ ਗਈ। ਆਤਮਜੀਤ ਨੇ ਆਪਣੇ ਇਕਾਂਗੀ 'ਲੋਕ ਨਾਥ ਅਕਲਮੰਦ' ਵਿੱਚ ਦੋ ਪਾਤਰ ਛੱਤਰੀਆਂ ਵਿੱਚ ਲੁਕਾ ਕੇ ਉੱਤੇ ਪ੍ਰਸ਼ਨ ਚਿੰਨ੍ਹ ਲਗਾ ਦਿੱਤੇ। ਜਸੂਜਾ ਨੇ ਨਾਟਕਕਾਰ ਨੂੰ ਹੀ ਸੂਤਰਧਾਰ ਦੇ ਪਾਤਰ ਵਜੋਂ ਪੇਸ਼ ਕੀਤਾ ਹੈ। ਇਹੋ ਪ੍ਰਵਿਰਤੀ ਸਾਨੂੰ 'ਫੁੱਲ' ਦੇ ਇਕਾਂਗੀ 'ਫੁੱਲ ਚੌਲ ਚਾਂਦੀ' ਵਿੱਚ ਵੇਖਣ ਨੂੰ ਮਿਲਦੀ ਹੈ। ਡਾ. ਸੇਠੀ ਦੇ ਇਕਾਂਗੀ 'ਰੇਪ ਰੇਪ ਰੇਪ', 'ਤਮਾਸ਼ਾ ਰੋਜ਼ ਹੁੰਦਾ ਹੈ' ਆਦਿ ਵੀ ਇਸੇ ਸ਼੍ਰੇਣੀ ਵਿੱਚ ਰੱਖੇ ਜਾਂਦੇ ਹਨ।

**ਸੁਖਾਂਤ ਇਕਾਂਗੀ ਲਿਖਣ ਦੀ ਪ੍ਰਵਿਰਤੀ:-** ਪੰਜਾਬੀ ਇਕਾਂਗੀ ਦੇ ਖੇਤਰ ਵਿੱਚ ਇਸ ਪ੍ਰਕਾਰ ਦੇ ਇਕਾਂਗੀ ਵੀ ਲਿਖੇ ਗਏ ਹਨ। ਸੁਖਾਂਤ ਦੀਆਂ ਕਈ ਕਿਸਮਾਂ ਹੁੰਦੀਆਂ ਹਨ। ਹਲਕੇ ਸੁਖਾਂਤ ਵੀ ਲਿਖੇ ਗਏ ਹਨ। ਪ੍ਰੋ. ਨੰਦਾ ਦਾ 'ਮਾਂ ਦਾ ਡਿਪਟੀ' ਇਕਾਂਗੀ ਦੇਖਿਆ ਜਾ ਸਕਦਾ ਹੈ, ਇਸ ਤੋਂ ਇਲਾਵਾ ਨੰਦਾ ਨੇ ਪੰਜਾਬੀ ਇਕਾਂਗੀ ਦੇ ਖੇਤਰ ਅੰਦਰ

ਅਲੌਕਿਕ ਵੀ ਹੋਣ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਬਾਬਾ ਬੋਹੜ (ਪ੍ਰਿੰ. ਸੇਖੋਂ) ਨੂੰ ਇਸ ਤਰ੍ਹਾਂ ਦਾ ਮੰਨਿਆ ਹੈ।

**ਦੁਖਾਂਤ ਇਕਾਂਗੀ ਲਿਖਣ ਦੀ ਪ੍ਰਵਿਰਤੀ:-** ਪੰਜਾਬੀ ਇਕਾਂਗੀ ਦੇ ਖੇਤਰ ਵਿੱਚ ਕਈ ਤਰ੍ਹਾਂ ਦੀਆਂ ਦੁਖਾਂਤਕ ਪ੍ਰਵਿਰਤੀ ਦੀਆਂ ਇਕਾਂਗੀਆਂ ਵੀ ਲਿਖੀਆਂ ਗਈਆਂ ਹਨ। ਡਾ. ਹਰਚਰਨ ਸਿੰਘ ਨੇ ਪੰਜਾਬੀ ਘਰੇਲੂ ਸਮੱਸਿਆਵਾਂ ਨੂੰ ਲੈ ਕੇ ਦੁਖਾਂਤ ਇਕਾਂਗੀ 'ਮਨ ਦੀਆਂ ਮਨ ਵਿੱਚ' ਅਤੇ ਡਾ. ਅਹੂਜਾ ਸਾਹਿਬ ਦਾ ਇਕਾਂਗੀ 'ਭੂਮੀ ਅੰਦੋਲਨ' ਵੀ ਦੁਖਾਂਤ ਨਾਲ ਸੰਬੰਧਿਤ ਇਕਾਂਗੀ ਹੈ।

ਸੋ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਇਕਾਂਗੀ ਖੇਤਰ ਵਿੱਚ ਬਹੁਤ ਸਾਰੀਆਂ ਇਕਾਂਗੀਆਂ ਵੱਖ–ਵੱਖ ਪ੍ਰਵਿਰਤੀਆਂ ਅਧੀਨ ਲਿਖੀਆਂ ਹਨ। ਇਨ੍ਹਾਂ ਵੱਖ–ਵੱਖ ਪ੍ਰਵਿਰਤੀਆਂ ਵਿੱਚ ਲਿਖੀਆਂ ਗਈਆਂ ਵੱਖ–ਵੱਖ ਵਿਸ਼ਿਆਂ ਦੀਆਂ ਇਕਾਂਗੀ ਦੇਖ ਕੇ ਪ੍ਰਤੀਤ ਹੁੰਦਾ ਹੈ ਕਿ ਪੰਜਾਬੀ ਇਕਾਂਗੀ ਕਾਫ਼ੀ ਅਮੀਰ ਹੁੰਦੀ ਜਾ ਰਹੀ ਹੈ।

## ਯੂਨਿਟ - 2

## ਸੰਤ ਸਿੰਘ ਸੇਖੋਂ - ਛੇ ਘਰ

1.1 ਪਾਠ ਪਹਿਲਾ : ਸੰਤ ਸਿੰਘ ਸੇਖੋਂ : ਛੇ ਘਰ

1.1.1 ਭੂਮਿਕਾ

1.1.2 ਪਾਠ ਦਾ ਮੰਤਵ

1.1.3 ਸੰਤ ਸਿੰਘ ਸੇਖੋਂ : ਜੀਵਨ, ਰਚਨਾ ਅਤੇ ਦੇਣ

1.1.4 ਸੰਤ ਸਿੰਘ ਸੇਖੋਂ : ਛੇ ਘਰ – ਵਿਚਾਰਧਾਰਾਈ ਅਧਿਐਨ/ਵਿਸ਼ਾ ਵਸਤੂ

1.1.5 ਸੰਤ ਸਿੰਘ ਸੇਖੋਂ : ਛੇ ਘਰ – ਅਧਿਐਨ ਦ੍ਰਿਸ਼ਟੀ/ਕਲਾ ਪੱਖ/ਕਾਵਿ–ਕਲਾ

1.1.5.1 ਉਦੇਸ਼

1.1.5.2 ਪਲਾਟ ਜਾਂ ਕਥਾ ਵਸਤੂ

1.1.5.3 ਚਰਿੱਤਰ ਚਿਤਰਨ

1.1.5.4 ਸੰਵਾਦ ਜਾਂ ਵਾਰਤਾਲਾਪ

1.1.5.5 ਵਾਤਾਵਰਨ

1.1.5.6 ਸ਼ੈਲੀ

1.1.6 ਅਭਿਆਸ ਲਈ ਪ੍ਰਸ਼ਨ

### ਭੂਮਿਕਾ

ਸੰਤ ਸਿੰਘ ਸੇਖੋਂ ਇੱਕ ਪ੍ਰਸਿੱਧ ਪੰਜਾਬੀ ਸਾਹਿਤਕਾਰ ਹੈ। ਉਹ ਪੰਜਾਬੀ ਸਾਹਿਤ ਖੇਤਰ ਵਿੱਚ ਇੱਕ ਪ੍ਰਬੁੱਧ ਸਖ਼ਸ਼ੀਅਤ ਹੈ। ਸੇਖੋਂ ਨੂੰ ਮਾਰਕਸੀ ਵਿਚਾਰਧਾਰਾ ਦਾ ਧਾਰਨੀ ਹੋਣ ਕਰਕੇ ਸਮਾਜਵਾਦੀ ਲੇਖਕ ਮੰਨਿਆ ਗਿਆ ਹੈ। ਉਨ੍ਹਾਂ ਨੇ ਸਾਹਿਤ ਤੇ ਤਕਰੀਬਨ ਸਾਰੇ ਰੂਪਾਂ ਨਾਟਕ, ਨਾਵਲ, ਕਹਾਣੀ, ਕਵਿਤਾ, ਨਿਬੰਧ ਤੇ ਆਲੋਚਨਾ ਤੇ ਕਲਮ ਅਜ਼ਮਾਈ ਹੈ। ਉਸਦੀਆਂ ਰਚਨਾਵਾਂ ਵਿੱਚੋਂ ਜੇਕਰ ਉਸਦੇ ਸਮਕਾਲੀ ਸਮਾਜ ਦੀ ਝਲਕ ਮਿਲਦੀ ਹੈ ਤਾਂ ਇਸਦੇ ਨਾਲ

ਹੀ ਉਸਦੀਆਂ ਅਖਕਾਂਖਿਆਵਾਂ, ਅਸਫ਼ਲਤਾਵਾਂ ਅਤੇ ਸਮਾਜ ਨੂੰ ਬਦਲਣ ਸੰਬੰਧੀ ਉਸਦੀਆਂ ਮਨੋਭਾਵਨਾਵਾਂ ਨਾਲ ਵੀ ਪਾਠਕਾਂ ਦੀ ਸਾਂਝ ਬਣਦੀ ਹੈ। ਸ਼ਾਇਦ ਇਸੇ ਕਰਕੇ ਹੀ ਪੰਜਾਬੀ ਸਾਹਿਤ ਵਿੱਚ ਸਭ ਤੋਂ ਵੱਧ ਚਰਚਾ ਹੋਰਨਾਂ ਲੇਖਕਾਂ ਦੇ ਮੁਕਾਬਲੇ ਸੇਖੋਂ ਦੀ ਵਧੇਰੇ ਹੈ। ਉਸਨੇ ਪੰਜਾਬੀ ਨਾਟ ਖੇਤਰ ਵਿੱਚ ਦਸ ਦੇ ਕਰੀਬ ਨਾਟਕ ਅਤੇ ਇਕਾਂਗੀ ਸੰਗ੍ਰਹਿ ਲਿਖੇ ਜਿਨ੍ਹਾਂ ਵਿੱਚ ਨਾਟਕ 'ਕਲਾਕਾਰ', 'ਨਾਰਕੀ', 'ਭੂਦਾਨ', 'ਵਾਰਿਸ', 'ਮੋਇਆ ਸਾਰ ਨਾ ਕਾਈ', 'ਸਿਆਲਾਂ ਦੀ ਨੱਢੀ', 'ਦਮਯੰਤੀ', 'ਮਿੱਤਰ ਪਿਆਰਾ', 'ਬੇੜਾ ਬੰਧ ਨਾ ਸਕਿਓ' ਅਤੇ 'ਮੈਕਬੈਂਥ (ਅਨੁਵਾਦ) ਆਦਿ ਹਨ ਅਤੇ ਇਸਤੋਂ ਇਲਾਵਾ ਇਕਾਂਗੀ ਸੰਗ੍ਰਹਿ 'ਛੇ ਘਰ', 'ਤਪਿਆ ਕਿਉਂ ਖਪਿਆ', 'ਨਾਟ–ਸੁਨੇਹੇ', 'ਸੁੰਦਰ ਪਦ', 'ਵਿਉਹਲੀ' (ਕਾਵਿ ਨਾਟਕ), 'ਬਾਬਾ ਬੋਹੜ' (ਕਾਵਿ ਨਾਟਕ) ਆਦਿ ਹਨ। ਪ੍ਰੋ. ਸੰਤ ਸਿੰਘ ਸੇਖੋਂ ਨੇ ਇਨ੍ਹਾਂ ਨਾਟਕਾਂ ਨਾਲ ਸਾਹਿਤ ਦੀ ਬਹੁਤ ਵੱਡੀ ਖ਼ਿਦਮਤ ਕੀਤੀ ਹੈ ਕਿਉਂਕਿ ਉਸਨੇ ਸਾਡੀ ਜ਼ਿੰਦਗੀ ਦੀਆਂ ਹਕੀਕਤਾਂ ਨੂੰ ਸਾਹਮਣੇ ਰੱਖਿਆ ਹੈ, ਸਾਡੀਆਂ ਸਮਾਜੀ ਲੋੜਾਂ, ਸਾਡੀ ਇੱਕ ਸਾਦੀ ਹਾਲਤ ਤੇ ਸਾਡੀ ਸਿਆਸੀ ਸਵਾਲਾਂ ਨੂੰ ਆਪਣਾ ਮਾਮਲਾ ਬਣਾਇਆ ਹੈ। ਉਸਨੇ ਆਪਣੇ ਨਾਟਕਾਂ ਤੋਂ ਉਪਦੇਸ਼ ਦਾ ਕੰਮ ਨਹੀਂ ਲਿਆ, ਸਗੋਂ ਇੱਕ ਸੱਚ ਸਾਹਿਤਕਾਰ ਦੀ ਤਰ੍ਹਾਂ ਆਪਣੇ ਅਨੁਭਵਾਂ ਨੂੰ ਸਾਡੇ ਅੱਗੇ ਪੇਸ਼ ਕੀਤਾ ਹੈ। ਸੇਖੋਂ ਪੰਜਾਬੀ ਸਾਹਿਤ ਦਾ ਇਕ ਨਾਮਵਰ ਲੇਖਕ ਹੈ। ਉਨ੍ਹਾਂ ਨੇ ਰਹਿੰਦੀ ਜ਼ਿੰਦਗੀ ਪੰਜਾਬੀ ਸਾਹਿਤ ਖੇਤਰ ਵਿੱਚ ਕੰਮ ਕੀਤਾ ਭਾਵੇਂ ਜ਼ਿੰਦਗੀ ਦੀ ਮੁਸ਼ਕਿਲਾਂ, ਔਕੜਾਂ ਨੇ ਉਨ੍ਹਾਂ ਦਾ ਰਾਹ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਹ ਫਿਰ ਨਿਰੰਤਰ ਸਾਹਿਤ ਸਿਰਜਣਾ ਵਿੱਚ ਜੁੜੇ ਰਹੇ।

### ਪਾਠ ਦਾ ਮੰਤਵ

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪ੍ਰੋ. ਸੰਤ ਸਿੰਘ ਸੇਖੋਂ ਨੂੰ ਪੜ੍ਹਨ ਅਤੇ ਸਮਝਣ/ਸਮਝਾਉਣ ਦੇ ਸਮਰੱਥ ਬਣਾਉਣਾ ਹੈ। ਨਾਟਕੀ ਸਾਹਿਤ ਵਿੱਚ ਸੰਤ ਸਿੰਘ ਸੇਖੋਂ ਰਾਹੀਂ ਜਿੱਥੇ ਨਾਟਕੀ ਗੱਲਾਂ ਉਜਾਗਰ ਕੀਤੀਆਂ ਗਈਆਂ ਹਨ। ਉੱਥੇ ਨਾਲ ਹੀ ਸਾਡੇ ਸਮਾਜ ਦੇ ਸੱਭਿਆਚਾਰ, ਆਰਥਿਕਤਾ, ਸਮੱਸਿਆਵਾਂ ਅਤੇ ਵੱਡੇ ਵਰਤਾਰਿਆਂ ਨੂੰ ਇੱਕ ਖ਼ਾਸ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ। ਸੰਤ ਸਿੰਘ ਸੇਖੋਂ ਦੇ ਇਕਾਂਗੀ ਸੰਗ੍ਰਹਿ 'ਛੇ ਘਰ' ਦੀਆਂ ਵੱਖ–ਵੱਖ ਪਰਤਾਂ ਨੂੰ ਖੋਲ੍ਹਣਾ, ਸਮਝਣਾ ਅਤੇ ਸਮਝਾਉਣਾ ਏਹੋ ਪਾਠ ਦਾ ਉਦੇਸ਼ ਹੈ।

## ਸੰਤ ਸਿੰਘ ਸੇਖੋਂ ਦਾ ਜੀਵਨ, ਰਚਨਾ ਅਤੇ ਦੇਣ

ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦੇ ਇੱਕ ਗਲਪ ਲੇਖਕ ਤੇ ਪੰਜਾਬੀ ਨਾਟਕਕਾਰ ਸਨ। ਸੰਤ ਸਿੰਘ ਸੇਖੋਂ ਦਾ ਜਨਮ 30 ਮਈ 1908 ਈ. ਨੂੰ ਸ੍ਰ. ਹੁਕਮ ਸਿੰਘ ਦੇ ਘਰ ਚੱਕ ਨੰਬਰ 70, ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿੱਚ ਹੋਇਆ ਉਹਨਾਂ ਦਾ ਪਰਿਵਾਰਕ ਪਿਛੋਕੜ ਪਿੰਡ ਦਾਖਾ, ਜ਼ਿਲ੍ਹਾ ਲੁਧਿਆਣਾ ਦਾ ਸੀ। ਹੁਕਮ ਸਿੰਘ ਆਪਣੇ ਰਿਸ਼ਤੇਦਾਰ (ਸਾਲੇ) ਨਾਲ ਜ਼ਮੀਨ ਦੀ ਭਾਲ ਵਿਚ ਲਾਇਲਪੁਰ ਗਏ ਤੇ ਆਪਣੇ ਰਿਸ਼ਤੇਦਾਰ ਦੁਆਰਾ ਦਿੱਤੀ ਅੱਧਾ ਮੁਰੱਬਾ ਜ਼ਮੀਨ ਅਤੇ ਆਪਣੀ ਪਤਨੀ ਦੇ ਵਿਰੋਧ ਕਰਨ ਦੇ ਬਾਵਜੂਦ ਵੀ ਉਹ ਉਥੇ ਰਹਿਣ ਲੱਗ ਗਏ। ਹੁਕਮ ਸਿੰਘ ਮਿਹਨਤ ਘੱਟ ਤੇ ਗੱਲਾਂ ਬਾਤਾਂ ਦਾ ਜ਼ਿਆਦਾ ਸ਼ੌਕੀਨ ਸੀ। ਸਨਾਤਨੀ ਵਿਚਾਰਾਂ ਦਾ ਹੋਣ ਕਰਕੇ ਉਨ੍ਹਾਂ ਦੇ ਘਰ ਰਮਾਇਣ, ਮਹਾਂਭਾਰਤ ਤੇ ਹਨੂੰਮਾਨ ਨਾਟਕ ਦੀ ਕਥਾ ਆਮ ਹੀ ਹੁੰਦੀ ਰਹਿੰਦੀ। ਸੇਖੋਂ ਦੇ ਮਨ ਉਪਰ ਨਿੱਕੀ ਉਮਰੇ ਨਰਕ ਦਾ ਬੜਾ ਵਹਿਮ ਸੀ ਜਿਸ ਕਰਕੇ ਉਸਨੂੰ ਸੁਪਨੇ ਵੀ ਆਉਂਦੇ ਸਨ। ਸਨਾਤਨੀ ਵਿਚਾਰਾਂ ਨਾਲ-ਨਾਲ ਹੁਕਮ ਸਿੰਘ ਸਿੱਖ ਇਤਿਹਾਸ ਦੇ ਕਈ ਪ੍ਰਸੰਗ ਜਿਵੇਂ ਪਹਾੜਾ ਸਿੰਘ ਦਾ ਅੰਗੇਰਜ਼ਾਂ ਨਾਲ ਮੇਲ ਅਤੇ ਸਿੰਘਾਂ ਦਾ ਵਿਰੋਧ, ਉਹ ਆਪ ਹੀ ਗਾ ਕੇ ਪੜਿਆ ਕਰਦੇ ਸੀ। ਹੁਕਮ ਸਿੰਘ ਭਾਵੇਂ ਵਿਹਲੜ ਸੁਭਾਅ ਕਾਰਨ ਕਰਜ਼ਾ ਚੁੱਕਦਾ ਸੀ। ਪਰ ਉਸਨੇ ਸੇਖੋਂ ਦੀ ਪੜ੍ਹਾਈ ਵੱਲ ਵਿਸ਼ੇਸ਼ ਧਿਆਨ ਰੱਖਿਆ। ਉਸਨੇ ਆਪਣੀ ਦਾਖਾ ਵਾਲੀ ਜ਼ਮੀਨ ਵੀ ਗਹਿਣੇ ਰੱਖ ਦਿੱਤੀ ਸੀ।

ਸੇਖੋਂ ਸਕੂਲ ਚੱਕ ਨੰਬਰ 41 ਦੇ ਬਾਰ ਖਾਲਸਾ ਹਾਈ ਸਕੂਲ ਵਿਚ ਪੜ੍ਹਦਿਆਂ ਉਹ ਕਈ ਵਾਰ ਆਪਦੇ ਮਨ ਅੰਦਰ ਸੋਚਦਾ ਕਿ ਜੇਕਰ ਸਰੀਰਕ ਪੱਖੋਂ ਉਹ ਸਾਰਿਆਂ ਤੋਂ ਤਕੜਾ ਨਹੀਂ ਤਾਂ ਕਿਸੇ ਤੋਂ ਮਾੜਾ ਵੀ ਨਾ ਹੋਵੇ। ਛੋਟੇ ਹੁੰਦੇ ਸੇਖੋਂ ਭਾਵੇਂ ਘੁਲਣ (ਘੋਲ) ਵਿੱਚ ਰੁਚੀ ਰੱਖਦਾ ਸੀ ਪਰ ਨੌਵੀਂ-ਦਸਵੀਂ ਵਿਚ ਉਸਦੀ ਇਹ ਰੁਚੀ ਮਾਨਸਿਕ ਤੇ ਬੌਧਿਕ ਖੇਤਰ ਦੀਆਂ ਚੇਤੰਨ ਪ੍ਰਾਪਤੀਆਂ ਵਿੱਚ ਬਦਲਣ ਲੱਗੀ। ਪ੍ਰਾਇਮਰੀ ਪੱਧਰ ਤੋਂ ਲੈ ਕੇ ਹਾਈ ਸਕੂਲ ਤੱਕ ਉਹ ਆਪਣੀ ਕਲਾਸ ਵਿੱਚ ਪਹਿਲੇ ਨੰਬਰ ਤੇ ਹੀ ਆਉਂਦਾ ਰਿਹਾ ਜਿਸ ਕਰਕੇ ਉਸਦਾ ਆਪਣੇ ਹਾਣ-ਪ੍ਰਵਾਣ ਮੁੰਡਿਆਂ ਵਿਚ ਮਾਣ ਸਤਿਕਾਰ ਬਣਿਆ ਰਿਹਾ।

ਸਾਲ 1919 ਈ. ਵਿਚ ਜਦੋਂ ਸੇਖੋਂ ਸਕੂਲ ਦਾ ਵਿਦਿਆਰਥੀ ਹੀ ਸੀ, ਮਾਰਸ਼ਲ ਲਾਅ ਲਾਗੂ ਕਰ ਦਿੱਤਾ ਗਿਆ। ਸੰਤ ਸਿੰਘ ਸੇਖੋਂ ਨੂੰ ਦੇਸ਼ ਦੀ ਗੁਲਾਮੀ ਦਾ ਅਹਿਸਾਸ ਉਸ ਸਮੇਂ ਹੀ ਹੋਇਆ। ਘਰ ਦੀ ਆਰਥਿਕ ਹਾਲਤ ਨਿਘਰਨ ਕਾਰਨ ਹੁਕਮ ਸਿੰਘ ਮਾਨਸਿਕ ਅਤੇ ਸਰੀਰਕ ਤੌਰ ਤੇ ਬਿਮਾਰ ਰਹਿਣ ਲੱਗਾ। ਉਸਨੂੰ ਦਮੇ ਦੀ ਬਿਮਾਰੀ ਹੋ

ਗਈ। ਘਰ ਦੀ ਆਰਥਿਕ ਹਾਲਤ ਤੇ ਦੇਸ਼ ਦੀ ਗੁਲਾਮੀ ਨੇ ਸੇਖੋਂ ਨੂੰ ਸੋਚਾਂ ਵਿਚ ਪਾ ਦਿੱਤਾ।

1924 ਵਿਚ ਦਸਵੀਂ ਪਾਸ ਕਰਨ ਉਪਰੰਤ ਸੇਖੋਂ ਸਰਕਾਰੀ ਕਾਲਜ, ਲਾਇਲਪੁਰ ਵਿੱਚ ਐਫ.ਐਸ.ਸੀ ਵਿਚ ਦਾਖਲ ਹੋ ਗਿਆ। ਕਾਲਜ ਵਿਚ ਭਾਵੇਂ ਉਹ ਆਪਣੇ ਸਕੂਲ ਵਾਲੀ ਪਹਿਲੇ ਨੰਬਰ ਦੀ ਥਾਂ ਬਰਕਰਾਰ ਨਹੀਂ ਰੱਖ ਸਕਿਆ ਪਰ ਕਈ ਵਿਸ਼ਿਆਂ ਵਿਚ ਜ਼ਰੂਰ ਪਹਿਲੇ ਨੰਬਰ ਰਹਿੰਦੇ ਸਨ। ਸੇਖੋਂ ਕਾਫ਼ੀ ਹੱਕ ਤੱਕ ਅਣ-ਈਸ਼ਵਰਵਾਦੀ ਸਨ। ਉਹ ਅਖੀਰ ਤੱਕ ਨਾਸਤਕ ਹੀ ਰਹੇ। 1926 ਵਿਚ ਐਫ.ਐਸ.ਸੀ ਕਰਨ ਉਪਰੰਤ ਉਹ ਮਿਸ਼ਨ ਕਾਲਜ ਲਾਹੌਰ ਵਿਚ ਬੀ.ਏ. ਵਿਚ ਦਾਖਲ ਹੋ ਗਿਆ ਅਤੇ ਵਿਗਿਆਨ ਦੇ ਵਿਸ਼ੇ ਛੱਡ ਕੇ ਅਰਥ ਸ਼ਾਸਤਰ, ਇਤਿਹਾਸ ਤੇ ਸਾਹਿਤ ਅਧਿਐਨ ਆਰੰਭ ਕਰ ਦਿੱਤਾ; ਪਰ ਉਹ ਬੀ.ਏ. ਦੂਜੇ ਦਰਜੇ ਵਿਚ ਹੀ ਪਾਸ ਹੋ ਸਕਿਆ। 1930 ਵਿਚ ਉਸਨੇ ਅਰਥ ਸ਼ਾਸਤਰ ਦੀ ਐਮ.ਏ. ਕੀਤੀ ਪਰ ਬਹੁਤੇ ਚੰਗੇ ਨੰਬਰ ਪ੍ਰਾਪਤ ਨਹੀਂ ਹੋਏ।

ਬੀ.ਏ. ਪੜ੍ਹਦਿਆਂ ਸਮੇਂ ਐਚ.ਜੀ. ਵੇਲਜ ਅਤੇ ਜਾਰਜ ਬਰਨਾਰਡ ਸ਼ਾਹ ਦੀਆਂ ਲਿਖਤਾਂ ਦਾ ਅਧਿਐਨ ਕੀਤਾ ਜਿਸ ਕਾਰਨ ਉਹ ਹੋਰ ਵੀ ਅਣ-ਈਸ਼ਵਰਵਾਦੀ ਹੋ ਗਿਆ। ਉਹ ਯਥਾਰਥਵਾਦ ਅਤੇ ਸਮਾਜਵਾਦ ਬਾਰੇ ਸੋਚਣ ਲੱਗਾ। ਬੀ.ਏ. ਕਰਦੇ ਕਰਦੇ ਉਹ ਦੇਸ਼, ਪ੍ਰਦੇਸ਼ ਦੇ ਪ੍ਰਮੁੱਖ ਅਤੇ ਮਹੱਤਵਪੂਰਨ ਪ੍ਰਸ਼ਨਾਂ ਸੰਬੰਧੀ ਚੇਤੰਨ ਹੋ ਗਿਆ ਅਤੇ ਵਿਚਾਰਧਾਰਾ ਪੱਖੋਂ ਸਮਾਜਵਾਦੀ ਹੋ ਗਿਆ। ਉਸਦਾ ਵਿਆਹ ਸਕੂਲ ਵਿਚ ਪੜ੍ਹਦਿਆਂ ਹੀ ਇੱਕ ਅਨਪੜ੍ਹ ਕੁੜੀ ਨਾਲ ਹੋ ਗਿਆ ਸੀ। ਭਾਵੇਂ ਉਸਨੇ ਅਰਥ-ਸ਼ਾਸਤਰ ਦੀ ਐਮ.ਏ ਕਰ ਲਈ ਸੀ। ਪਰ ਆਰਥਿਕ ਮੰਦਹਾਲੀ ਉਸਦੇ ਸਾਹਮਣੇ ਮੂੰਹ ਅੱਡ ਕੇ ਖੜ੍ਹੀ ਸੀ। ਜਿਸ ਕਰਕੇ ਉਸਨੂੰ ਨੌਕਰੀ ਵੱਲ ਜਾਣ ਦਾ ਰੁੱਖ ਕੀਤਾ। 1931 ਵਿੱਚ ਪ੍ਰਾਈਵੇਟ ਵਿਦਿਆਰਥੀ ਵਜੋਂ ਐਮ.ਏ. (ਅੰਗੇਰਜ਼ੀ) ਦੀ ਪ੍ਰੀਖਿਆ ਪਾਸ ਕਰ ਲਈ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਲੈਕਚਰਾਰ ਲੱਗ ਗਿਆ।

ਏਥੇ ਹੀ ਪ੍ਰਿ. ਤੇਜਾ ਸਿੰਘ ਦੀ ਸੰਗਤ ਸਦਕਾ ਸੇਖੋਂ ਨੇ ਲਿਖਣਾ ਸ਼ੁਰੂ ਕੀਤਾ। ਸੰਨ 1933 ਈ. ਵਿਚ ਸੇਖੋਂ ਨੇ ਅੰਗਰੇਜ਼ੀ ਵਿਚ ਇੱਕ ਨਾਟਕ ਈਵ ਐਟ ਬੋ ( Eveat boy ) ਲਿਖਿਆ ਅਤੇ 1934 ਵਿਚ ਪ੍ਰਕਾਸ਼ਿਤ ਕਰਵਾਇਆ। ਇਸ ਸਮੇਂ ਪ੍ਰਿੰ. ਸੇਖੋਂ ਦਾ ਮਿਲਾਪ ਪ੍ਰੋ. ਮੋਹਨ ਸਿੰਘ, ਗੁਰਬਚਨ ਸਿੰਘ ਤਾਲਿਬ ਅਤੇ ਪ੍ਰੋ. ਵਰਿਆਮ ਸਿੰਘ ਸੰਧੂ ਨਾਲ ਹੋਇਆ ਅਤੇ ਇਨ੍ਹਾਂ ਦਾ ਪ੍ਰਭਾਵ ਕਬੂਲਿਆ।

ਸੰਨ 1935 ਈ. ਵਿਚ ਸੇਖੋਂ ਦਾ ਮਿਲਾਪ ਉੱਘੇ ਮਾਰਕਾਸਵਦੀ ਨੇਤਾ ਸ੍ਰ. ਮੋਹਨ ਸਿੰਘ ਜੋਸ਼ ਨਾਲ ਹੋਇਆ।

ਉਹ ਉਸ ਸਮੇਂ ਮੇਰਠ ਸਾਜਿਸ਼ ਕੇਸ ਵਿਚੋਂ ਬਰੀ ਹੋ ਕੇ ਆਏ ਸਨ ਅਤੇ ਪੰਜਾਬੀ ਪੱਤਰ 'ਪ੍ਰਭਾਤ' ਸੰਪਾਦਨ ਕਰ ਰਹੇ ਸਨ। ਜੋਸ਼ ਹੋਰਾਂ ਨੇ ਸੇਖੋਂ ਨੂੰ ਪੰਜਾਬੀ ਵਿਚ ਲਿਖਣ ਲਈ ਪ੍ਰੇਰਿਆ। ਜੋਸ਼ ਦੀ ਪ੍ਰੇਰਨਾ ਅਤੇ ਪ੍ਰਭਾਵ ਹੇਠ ਸੇਖੋਂ ਨੇ 'ਭੱਤਾ' ਅਤੇ 'ਕੀਟਾਂ ਅੰਦਰ ਕੀਟ' ਕਹਾਣੀਆਂ ਲਿਖੀਆਂ ਜਿਹੜੀਆਂ ਪਾਠਕਾਂ ਵੱਲੋਂ ਬਹੁਤ ਸਰਾਹੀਆਂ ਗਈਆਂ। ਪ੍ਰੋ. ਮੋਹਨ ਸਿੰਘ ਪ੍ਰਗਤੀਵਾਦੀ ਸਮਾਜਵਾਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਇਆ ਤੇ ਸੇਖੋਂ ਨੂੰ ਪੰਜਾਬੀ ਵਿੱਚ ਲਿਖਣ ਦੀ ਸਲਾਹ ਦਿੱਤੀ। ਸੇਖ਼ ਦੀ ਕਹਾਣੀ 'ਪੇਮੀ ਦੇ ਨਿਆਣੇ' ਸਭ ਤੋਂ ਪਹਿਲਾਂ 'ਲਿਖਾਰੀ' ਪਰਚੇ ਵਿਚ ਛਪੀ। ਇਹ 'ਲਿਖਾਰੀ' ਪਰਚਾ ਪਹਿਲਾਂ ਗੁਰਮੁੱਖ ਸਿੰਘ ਅਮੋਲ ਚਲਾਉਂਦੇ ਸਨ ਅਤੇ ਫੇਰ ਸੇਖੋਂ ਅਤੇ ਫੇਰ ਮੋਹਨ ਸਿੰਘ ਨੇ ਇਸਦੀ ਸੰਪਾਦਨ ਸ਼ੁਰੂ ਕਰ ਦਿੱਤੀ। ਸੇਖੋਂ ਨੇ ਉਸਦੀ ਸਮਾਜਵਾਦੀ ਵਿਚਾਰਧਾਰਾ ਅਤੇ ਖੁਸ਼ਾਮਦ ਨਾ ਕਰਨ ਕਰਕੇ ਨੌਕਰੀ ਤੋਂ ਕੱਢਿਆ ਗਿਆ। ਕਾਲਜ ਦੀ ਨੌਕਰੀ ਤੋਂ ਜਵਾਬ ਮਿਲਣ ਕਰਕੇ ਉਸਦੇ ਸਵੈਮਾਨ ਨੇ ਉਸਨੂੰ ਛੋਟੀ-ਮੋਟੀ ਨੌਕਰੀ ਨਾ ਕਰਨ ਦਿੱਤੀ। ਖੇਤੀਬਾੜੀ ਵੱਲ ਮੁੜਨਾ ਵੀ ਔਖਾ ਸੀ। ਇਸ ਲਈ ਸੇਖੋਂ ਨੇ ਲਾਹੌਰ ਤੋਂ 'ਨਾਰਦਰਨ ਰਿਵਿਊ' ਨਾਂ ਦਾ ਸਪਤਾਹਿਕ ਅੰਗਰੇਜ਼ੀ ਵਿੱਚ ਕੱਢਣਾ ਸ਼ੁਰੂ ਕਰ ਦਿੱਤਾ। ਇਹੋ ਸਮਾਂ ਹੀ ਪੰਜਾਬ ਦੀ ਜਾਗ੍ਰਿਤੀ ਦਾ ਸਮਾਂ ਆਖਿਆ ਜਾ ਸਕਦਾ ਹੈ। 'ਨਾਰਦਰਨ ਰੀਵਿਊ' ਵਿਚ ਸੇਖੋਂ ਨੇ ਜਿਹੜੇ ਵਿਚਾਰ ਪੇਸ਼ ਕੀਤੇ ਸਨ ਪ੍ਰੋ. ਸੁਰਿੰਦਰ ਸਿੰਘ ਨਰੂਲਾ ਨੇ ਉਸ ਉਪਰ ਟਿੱਪਣੀ ਕਰਦਿਆਂ ਲਿਖਿਆ ਹੈ:-

> “ਸੰਤ ਸਿੰਘ ਸੇਖੋਂ ਇੱਕ ਮੱਧ ਸ਼੍ਰੇਣੀ ਦਾ ਪ੍ਰਤੀਕ ਬਣ ਕੇ ਬੁੱਧੀਜੀਵੀ ਦ੍ਰਿਸ਼ਟੀਕੋਣ ਤੋਂ ਸਮਾਜਿਕ ਪੜਚੋਲ ਕਰਦਾ ਸੀ। ਨਾਰਦਰਨ ਰੀਵਿਊ ਦੇ ਸੰਪਾਦਕੀ ਅਤੇ ਫ਼ੀਚਰ ਲੇਖ ਹਮੇਸ਼ਾ ਅਗਰਸਾਨੀ ਦ੍ਰਿਸ਼ਟੀਕੋਣ ਤੋਂ ਪੰਜਾਬ ਦੀਆਂ ਅੜਾਉਣੀਆਂ ਦਾ ਹੱਲ ਪੇਸ਼ ਕਰਦੇ ਸਨ।”

ਕੁਝ ਔਕੜਾਂ ਕਰਕੇ ਨਾਰਦਰਨ ਰੀਵਿਊ 1938 ਵਿਚ ਬੰਦ ਹੋ ਗਿਆ ਅਤੇ ਸੰਤ ਸਿੰਘ ਸੇਖੋਂ ਨੂੰ ਫਿਰ 1938 ਵਿਚ ਖਾਲਸਾ ਕਾਲਜ ਵਿਚ ਨੌਕਰੀ ਕਰਨੀ ਪਈ, 1939 ਵਿਚ ਉਸਦੀ ਧੀ ਗਿਆਰਾਂ ਮਹੀਨੇ ਦੀ ਹੋ ਕੇ ਗੁਜ਼ਰ ਗਈ, ਜਿਸਦਾ ਸੇਖੋਂ ਨੇ ਬਹੁਤ ਦੁੱਖ ਅਨੁਭਵ ਕੀਤਾ ਤੇ ਇਸਦਾ ਪ੍ਰਗਟਾਵਾ ਉਸਨੇ ਆਪਣੀ ਇੱਕ ਕਹਾਣੀ 'ਮੰਝਧਾਰ' ਵਿਚ ਕੀਤਾ ਹੈ।

ਸੰਤ ਸਿੰਘ ਸੇਖੋਂ ਨੇ ਇਹ ਨੌਕਰੀ ਛੱਡ ਦਿੱਤੀ ਤੇ ਕੋਲੇਂ ਦੀ ਇੱਕ ਫਰਮ ਸ਼ਾਲੀਮਾਰ ਪੇਂਟਸ ਵਿਚ ਚਲਾ ਗਿਆ,

ਉਥੇ ਵੀ ਵਪਾਰਕ ਵਾਤਾਵਰਨ ਰਾਸ ਨਾ ਆਉਣ ਕਰਕੇ ਉਹ ਮੁੜ ਕਾਲਜ ਵਿੱਚ ਆ ਗਿਆ, ਜਿੱਥੇ ਉਹ 1951 ਈ. ਤੱਕ ਟਿਕਿਆ। ਇਸ ਤੋਂ ਪਿਛੋਂ ਉਹ ਲੁਧਿਆਣੇ ਆ ਰਾਜਨੀਤਿਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਲੱਗਾ। 1951 ਵਿਚ ਉਸਨੇ ਕਮਿਊਨਿਸਟ ਪਾਰਟੀ 'ਤੇ ਲੋਕ ਸਭਾ ਦੀ ਚੋਣ ਲੜੀ ਤੇ ਹਾਰ ਗਿਆ। ਚੋਣ ਵਿਚ ਬਹੁਤ ਖਰਚ ਹੋਣ ਕਰਕੇ ਉਹ ਆਰਥਿਕ ਤੌਰ 'ਤੇ ਪੂਰੀ ਤੰਗੀ ਦਾ ਸ਼ਿਕਾਰ ਹੋ ਗਿਆ, ਪਰ ਤਕਰੀਬਨ ਡੇਢ ਸਾਲ ਵਿਹਲਾ ਰਹਿ ਕੇ 1953 ਈ ਵਿਚ ਉਸਨੇ ਗਰੂਸਰ ਸੁਧਾਰ ਖਾਲਸਾ ਕਾਲਜ ਦੀ ਨੌਕਰੀ ਕਰ ਲਈ ਅਤੇ 1953 ਤੱਕ ਉਹ ਅੰਗਰੇਜ਼ੀ ਵਿਭਾਗ ਦੇ ਮੁਖੀ ਵਜੋਂ ਕੰਮ ਕਰਦਾ ਰਿਹਾ। 1957 ਦੀਆਂ ਚੋਣਾਂ ਸਮੇਂ ਉਸਨੇ ਫਿਰ ਚੋਣ ਲੜੀ ਤੇ ਫੇਰ ਅਸਫ਼ਲ ਰਹੇ। ਉਸੇ ਸਾਲ ਉਸਨੇ ਰੂਸ ਦੀ ਯਾਤਰਾ ਕੀਤੀ ਅਤੇ ਆ ਕੇ ਮਾਤਾ ਗੁਜਰੀ ਕਾਲਜ, ਫਤਹਿਗੜ੍ਹ ਸਾਹਿਬ ਦਾ ਪ੍ਰਿੰਸੀਪਲ ਲੱਗ ਗਿਆ ਤੇ 1965 ਤੱਕ ਇਸ ਕਾਲਜ ਦਾ ਕਾਰਜ ਭਾਰ ਨਿਭਾਉਂਦਾ ਰਿਹਾ। ਇਸ ਤੋਂ ਮਗਰੋਂ ਉਸਨੇ ਖਾਲਸਾ ਕਾਲਜ, ਪਟਿਆਲਾ ਅਤੇ ਗੁਰੂ ਗੋਬਿੰਦ ਸਿੰਘ ਜੀ ਪਬਲਿਕ ਕਾਲਜ, ਜੰਡਿਆਲਾ ਵਿਖੇ ਪ੍ਰਿੰਸੀਪਲ ਦੀ ਜ਼ਿੰਮੇਵਾਰੀ ਨਿਭਾਈ। ਇਸ ਪਿਛੋਂ ਉਸਨੂੰ ਪੰਜਾਬੀ ਯੂਨੀਵਰਸਿਟੀ ਵਿਖੇ ਪ੍ਰੋਫੈਸਰ ਆਫ਼ ਐਮੀਨੈਂਸ ਦਾ ਅਹੁੱਦਾ ਮਿਲ ਗਿਆ ਜਿਸ 'ਤੇ ਉਹ ਆਪਣੇ ਅੰਤਿਮ ਸਾਹਾਂ ਤੱਕ ਸੁਸ਼ੋਭਿਤ ਰਿਹਾ ਅੰਤ ਉਹ 1997 ਵਿਚ ਪਰਿਵਾਰ ਅਤੇ ਪੰਜਾਬੀ ਜਗਤ ਨੂੰ ਸਦਾ ਲਈ ਵਿਛੋੜਾ ਦੇ ਗਏ।

ਸੰਤ ਸਿੰਘ ਸੇਖੋਂ ਨੂੰ ਭਾਵੇਂ ਇੱਕ ਲੇਖਕ ਤੇ ਆਲੋਚਕ ਵਜੋਂ ਚੰਗਾ ਮਾਣ ਵੀ ਪ੍ਰਾਪਤ ਹੋਇਆ, ਪਰ ਉਸਦੇ ਮਨ ਨੂੰ ਕਦੇ ਤਸੱਲੀ ਪ੍ਰਾਪਤ ਨਹੀਂ ਹੋਈ। ਕਿਉਂਕਿ ਸੇਖੋਂ ਸਾਰੀ ਜ਼ਿੰਦਗੀ ਬੇਰੁਜ਼ਗਾਰੀ, ਆਰਥਿਕ ਮੰਦਹਾਲੀ ਤੇ ਰਾਜਨੀਤਿਕ ਪੱਖ ਤੋਂ ਹਾਰਾਂ ਦਾ ਸ਼ਿਕਾਰ ਹੋਣ ਕਰਕੇ ਕਦੇ ਵੀ ਸੁਖੀ ਜੀਵਨ, ਖੁਸ਼ਹਾਲੀ ਵਾਲਾ ਜੀਵਨ ਜਿਉਣ ਅਤੇ ਸਦਾ ਮੋਹਰੀ ਹੋ ਕੇ ਤੁਰਨ ਦਾ ਆਪਣਾ ਸੁਪਨਾ ਸਾਕਾਰ ਨਾ ਕਰ ਸਕਿਆ। ਸਕੂਲ ਵਿਚ ਸਰੀਰਕ ਪੱਖੋਂ, ਕਾਲਜ ਵਿਚ ਵਿੱਦਿਅਕ ਪੱਖੋਂ ਜਾਂ ਬੌਧਿਕ ਆਗੂ ਹੋ ਕੇ ਤੁਰਨ ਦੀ ਰੁਚੀ ਨੇ ਹੀ ਸ਼ਾਇਦ ਚੋਣ ਲਈ ਪ੍ਰੇਰਿਆ, ਪਰ ਇਹ ਫੈਸਲਾ ਡਾ. ਤੇਜਵੰਤ ਸਿੰਘ ਗਿੱਲ ਦੇ ਸ਼ਬਦਾਂ ਅਨੁਸਾਰ “ਨਿਰੀ ਮੂਰਖਤਾ” ਸੀ। ਸੇਖੋਂ ਨੂੰ ਅਸਲ ਵਿੱਚ ਜਿੰਨ੍ਹਾਂ ਤਿੰਨ ਚੀਜ਼ਾਂ ਨੇ ਸਭ ਤੋਂ ਖਿੱਚਿਆ, ਉਹ ਹਨ-ਸਮਾਜਵਾਦ, ਇਸਤਰੀ ਅਤੇ ਕਲਾ। ਸੇਖੋਂ ਬਹੁਤ ਹੀ ਸੁਤੰਤਰ ਕਿਸਮ ਦੇ ਵਿਚਾਰਾਂ ਅਤੇ ਬੁੱਧੀ ਦਾ ਮਾਲਕ ਸੀ। ਉਹ ਪੰਜਾਬੀ ਦਾ ਮਹਾਨ ਵਿਦਵਾਨ ਹੀ ਨਹੀਂ ਸਗੋਂ ਸਾਹਿਤ ਦਾ ਅਨਿਨ ਭਗਤ ਸੀ।

ਸੰਤ ਸਿੰਘ ਸੇਖੋਂ ਨੇ ਆਪਣੀ ਜ਼ਿੰਦਗੀ ਨੂੰ ਪੂਰੇ ਕਰਨ ਤੱਕ ਪੰਜਾਬੀ ਸਾਹਿਤ ਵਿੱਚ ਵੱਡਮੁਲਾ ਯੋਗਦਾਨ

ਪਾਇਆ ਹੈ।

**ਰਚਨਾਵਾਂ**:-

**ਕਵਿਤਾ ਕਾਵਿ**- ਦੂਤ

**ਕਹਾਣੀ ਸੰਗ੍ਰਹਿ:-** ਕਾਮੇ ਤੇ ਯੋਧੇ, ਅੱਧੀ ਵਾਟ, ਤੀਜਾ ਪਹਿਰ, ਬਾਰਾਂਦਰੀ ਤੇ ਨੌ ਨਿਧਾਂ ਤੇ ਬਾਰਾਂ ਸਿੱਧਾਂ

**ਨਾਟਕ:** ਕਲਾਕਾਰ, ਨਾਰਕੀ, ਭੂਦਾਨ, ਵਾਰਿਸ, ਮੋਇਆ ਦੀ ਸਾਰ ਨਾ ਕਾਈ, ਸਿਆਲਾਂ ਦੀ ਨੱਢੀ, ਦਮਯੰਤੀ, ਮਿੱਤਰ ਪਿਆਰਾ, ਬੇੜਾ ਬੰਧ ਨਾ ਸਕਿਓ ਅਤੇ ਮੈਕਬੈਥ (ਅਨੁਵਾਦ)

**ਨਾਟ-ਸੰਗ੍ਰਹਿ:** ਛੇ ਘਰ, ਤਪਿਆ ਕਿਉਂ ਖਪਿਆ, ਨਾਟ-ਸੁਨੇਹੇ, ਸੁੰਦਰ ਪਦ ਤੇ ਮੇਰੇ ਦਸ ਇਕਾਂਗੀ।

**ਨਾਵਲ:-** ਲਹੂ ਮਿੱਟੀ

ਆਲੋਚਨਾ: ਪ੍ਰਸਿੱਧ ਪੰਜਾਬੀ ਕਵੀ, ਪੰਜਾਬੀ ਕਾਵਿ ਸ਼੍ਰੋਮਣੀ, ਸਾਹਿਤਿਆਰਥ, ਭਾਈ ਵੀਰ ਸਿੰਘ ਤੇ ਉਹਨਾਂ ਦਾ ਯੁਗ, ਪੰਜਾਬੀ ਬੋਲੀ ਦਾ ਇਤਿਹਾਸ ਸਮਾਜ ਦੇ ਬਾਰਾਂ ਪੜਾਅ, ਪ੍ਰਗਤੀ ਪੰਧ, ਸਮੀਖਿਆ ਪ੍ਰਣਾਲੀਆਂ ਆਦਿ।

ਇਹਨਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਲੇਖ ਅਤੇ ਖੋਜ ਨਿਬੰਧ ਉਨ੍ਹਾਂ ਵੱਲੋਂ ਲਿਖੇ ਗਏ ਹਨ।

ਉਪਰੋਕਤ ਚਰਚਾ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਇਕਾਂਗੀ ਦੀ ਲੰਬੀ ਜੱਦੋ-ਜਹਿਦ ਵਿਚ ਲੰਘਦਿਆਂ ਸੇਖੋਂ ਨੇ ਜਿਹੜੀ ਵਿਚਾਰਧਾਰਾ ਅਪਣਾਈ ਉਹ ਉਸਦੇ ਜੀਵਨ ਦਾ ਅੰਗ ਬਣ ਗਈ। ਉਸਦੀਆਂ ਰਚਨਾਵਾਂ ਵਿਚੋਂ ਜੇਕਰ ਉਸਦੇ ਸਮਕਾਲੀ ਸਮਾਜ ਦੇ ਦਰਸ਼ਨ ਹੁੰਦੇ ਹਨ ਤਾਂ ਇਸਦੇ ਨਾਲ ਹੀ ਉਸਦੀਆਂ ਅਕਾਂਖਿਆਵਾਂ, ਅਸਫਲਤਾਵਾਂ ਅਤੇ ਸਮਾਜ ਨੂੰ ਬਦਲਣ ਸਬੰਧੀ ਉਸਦੀਆਂ ਮਨੋਭਾਵਨਾਵਾਂ ਨਾਲ ਵੀ ਪਾਠਕਾਂ ਦੀ ਸਾਂਝ ਬਣਦੀ ਹੈ। ਇਹੀ ਕਾਰਨ ਹੈ ਕਿ ਪੰਜਾਬੀ ਸਾਹਿਤ ਜਗਤ ਵਿਚ ਹੋਰਾਂ ਲੇਖਕਾਂ ਤੋਂ ਵੱਧ ਚਰਚਾ ਸੰਤ ਸਿੰਘ ਸੇਖੋਂ ਦੀ ਹੋਈ ਹੈ।

## ਸੰਤ ਸਿੰਘ ਸੇਖੋਂ : ਛੇ ਘਰ-ਵਿਚਾਰਧਾਰਾਈ ਅਧਿਐਨ / ਵਿਸ਼ਾ-ਵਸਤੂ

ਸੰਤ ਸਿੰਘ ਸੇਖੋਂ ਇੱਕ ਪ੍ਰਸਿੱਧ ਨਾਟਕਕਾਰ ਹੈ। ਉਸਨੇ ਸਾਹਿਤ ਜਗਤ ਨੂੰ ਬਹੁਤ ਨਾਟ ਸੰਗ੍ਰਹਿ ਦਿੱਤੇ ਹਨ। 'ਛੇ ਘਰ' ਉਸਦਾ ਪ੍ਰਸਿੱਧ ਨਾਟਕ ਸੰਗ੍ਰਹਿ ਹੈ, ਜਿਸ ਵਿੱਚ ਛੇ ਨਾਟਕ ਸ਼ਾਮਿਲ ਹਨ। 'ਮਹਾਤਮਾ', 'ਪੁੱਤਰ', 'ਇੱਕ ਐਤਵਾਰ', 'ਹੜਤਾਲ', 'ਭਾਵੀ', 'ਬਾਬਾ ਬੋਹੜ-1', ਬਾਬਾ ਬੋਹੜ-2 ਨਾਟਕ ਵਿੱਚ ਪ੍ਰਗਟਾਈ ਗਈ ਵਿਚਾਰਧਾਰਾ ਸਮੱਸਿਆ ਜਾਂ ਫ਼ਿਲਾਸਫੀ ਉਸਦਾ ਵਿਸ਼ਾ ਅਖਵਾਉਂਦਾ ਹੈ। ਵਿਸ਼ਾ ਵਸਤੂ ਵਿਚਾਰਾਂ ਅਤੇ ਭਾਵਾਂ ਦਾ  ਸੁਮੇਲ ਹੁੰਦਾ ਹੈ, ਸਮਕਾਲੀਨ ਪਰਸਥਿਤੀਆਂ ਦੀ ਉਪਜ ਹੁੰਦਾ ਹੈ। ਨਾਟਕਕਾਰ ਦੀ ਸੋਚ ਆਮ ਲੋਕਾਂ ਦੀ ਸੋਚ ਦੀ ਪੱਧਰ ਤੋਂ ਬਹੁਤ ਵਿਕਸਤ ਹੁੰਦੀ ਹੈ, ਉਸਦੇ ਮਨ ਵਿੱਚ ਕੋਈ ਅਨੁਭਵ ਹੁੰਦਾ ਹੈ, ਇਹ ਅਨੁਭਵ ਜਦੋਂ ਪੱਕਦਾ ਤੇ ਰਸਦਾ ਹੈ ਅਤੇ ਭਾਸ਼ਾ ਦੇ ਵਾਹਣ ਨਾਲ ਬਾਹਰ ਪੇਸ਼ ਹੁੰਦਾ ਹੈ ਤਾਂ ਵਿਚਾਰ ਬਣ ਜਾਂਦਾ ਹੈ। ਇਹ ਪ੍ਰਕਿਰਿਆ  ਹੀ ਸਾਹਿਤ ਸਿਰਜਣ ਪ੍ਰਕਿਰਿਆ ਜਾਂ ਨਾਟਕ ਸਿਰਜਣ ਪ੍ਰਕਿਰਿਆ ਹੁੰਦੀ ਹੈ, ਜਿਸਦਾ ਨਿਰੂਪਣ ਹੀ ਵਿਸ਼ਾ ਵਸਤੂ ਹੈ।

ਬਹੁਤੇ ਲੋਕ ਨਾਟਕ ਨੂੰ ਜਜ਼ਬਾ ਪ੍ਰਧਾਨ ਰਚਨਾ ਮੰਨਦੇ ਹਨ, ਪਰ ਉਹ ਭੁੱਲ ਜਾਂਦੇ ਹਨ ਕਿ ਨਾਟਕ ਵਿੱਚ ਵਿਚਾਰਾਂ ਦੀ ਪ੍ਰਧਾਨਤਾ ਵੀ ਹੁੰਦੀ ਹੈ। ਸੇਖੋਂ ਨੇ 'ਛੇ ਘਰ' ਨਾਟ ਸੰਗ੍ਰਿਹ ਵਿੱਚਲੇ ਹਰ ਨਾਟਕ ਵਿੱਚ ਜ਼ਜ਼ਬੇ ਤੇ ਵਿਚਾਰ ਨੂੰ ਪ੍ਰਧਾਨਤਾ ਦਿੱਤੀ ਹੈ। ਇਸਦੇ ਨਾਲ ਹੀ ਨਾਟਕ ਦੇ ਵਿਸ਼ੇ ਦੀ ਮੌਜੂਦਗੀ ਉਸਦੇ ਸਰੀਰ ਵਿੱਚ ਹੁੰਦੀ ਹੈ ਕਈ ਵਾਰ ਓਪਰੀ ਨਜ਼ਰੇ ਵੇਖਿਆ ਸਾਨੂੰ ਵਿਸ਼ੇ ਦੀ ਪਹਿਚਾਣ ਨਹੀਂ ਹੁੰਦੀ। ਕਈ ਨਾਟਕਾਂ ਵਿੱਚ ਮੂਲ ਵਿਸ਼ੇ ਦੀ ਪਹਿਚਾਣ ਕਰਨੀ ਇਸ ਕਾਰਨ ਔਖੀ ਹੋ ਜਾਂਦੀ ਹੈ ਕਿਉਂਕਿ ਇਹ ਨਾਟਕ ਦੀ ਦੇਹ ਵਿੱਚ ਰੱਖਿਆ ਹੋਇਆ ਹੁੰਦਾ ਹੈ। ਨਾਟਕ ਵਿੱਚ ਮੁੱਖ ਵਿਸ਼ੇ ਦੇ ਨਾਲ-ਨਾਲ ਦੋ-ਤਿੰਨ ਉਪ ਵਿਸ਼ੇ ਵੀ ਹੋ ਸਕਦੇ ਹਨ। ਆਪਣੇ ਨਾਟਕ ਵਿੱਚ ਨਾਟਕਕਾਰ ਮੁੱਖ ਵਿਸ਼ੇ ਬਾਰੇ ਗੱਲ ਵਧੇਰੇ ਕਰਦਾ ਹੈ ਜਾਂ ਜਿਸ ਸਮੱਸਿਆ ਨੂੰ ਨਾਟਕ ਦਾ ਧੁਰਾ ਬਣਾਉਂਦਾ ਹੈ, ਇਸਤੋਂ ਇਲਾਵਾ ਹੋਰ ਵਿਚਾਰ ਜਾਂ ਸਮੱਸਿਆਵਾਂ ਉਪ-ਵਿਸ਼ੇ ਵਜੋਂ ਵਿੱਚਰਦੇ ਹਨ। ਕਿਸੇ ਨਾਟਕ ਵਿੱਚ ਕਰਜ਼ੇ ਦੀ ਸਮੱਸਿਆ ਕਿਸੇ ਨਾਟਕ ਦਾ ਮੁੱਖ ਵਿਸ਼ਾ ਹੋ ਸਕਦੀ ਹੈ ਪਰ ਨਾਲ ਹੀ ਅਨਪੜ੍ਹਤਾ ਤੇ ਗਰੀਬੀ ਅਤੇ ਪਰਿਵਾਰਕ ਫੁੱਟ ਉਸਦੇ ਉਪ-ਵਿਸ਼ੇ ਵਜੋਂ ਵੀ ਵਿਚਰ ਸਕਦੇ ਹਨ।

'ਛੇ ਘਰ'ਨਾਟਕ ਸੰਗ੍ਰਹਿ ਵਿੱਚਲੇ ਨਾਟਕ ਵਿੱਚ ਵੀ ਲੇਖਕ ਨੇ ਵਿਸ਼ਿਆਂ ਦੇ ਨਾਲ ਉਪ-ਵਿਸ਼ੇ ਵੀ ਲਏ ਹਨ ਜਿਵੇਂ 'ਪੁੱਤਰ' ਨਾਟਕ ਦਾ ਵਿਸ਼ਾ ਤਾਂ ਹੋਰ ਸਮੱਸਿਆ ਨੂੰ ਪੇਸ਼ ਕਰਦਾ ਹੈ ਪਰ ਉਹ ਨਾਲ-ਨਾਲ ਇੱਕ ਔਰਤ ਦੀ

ਕਹਾਣੀ ਨੂੰ ਵੀ ਨਾਟਕ ਦੇ ਉਪ-ਵਿਸ਼ੇ ਵਜੋਂ ਪੇਸ਼ ਕਰਦਾ ਹੈ। ਨਾਟਕਕਾਰ ਆਪਣੇ ਨਾਟਕ ਵਿੱਚ ਜੋ ਵਿਸ਼ੇ ਪੇਸ਼ ਕਰਦਾ ਹੈ ਉਸ ਵਿਸ਼ੇ ਦੀ ਚੋਣ ਸਮੇਂ ਸਾਨੂੰ ਕਈ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਸਭ ਤੋਂ ਵੱਡੀ ਗੱਲ ਕਿ ਵਿਸ਼ਾ ਆਮ ਜੀਵਨ ਵਿਚੋਂ ਲਿਆ ਜਾਵੇ ਤਾਂ ਜੋ ਆਮ ਪਾਠਕ ਨੂੰ ਉਸ ਅੰਦਰ ਦਿਲਚਸਪੀ ਪੈਦਾ ਹੋਵੇ। ਦੂਜੀ ਗੱਲ ਵਿਸ਼ਾ ਸਮਾਜਿਕ ਪੱਖ ਤੋਂ ਸਾਰਥਕ ਹੋਵੇ। ਵਿਸ਼ੇ ਪੇਸ਼ ਕਰਨ ਸਮੇਂ ਇਹ ਧਿਆਨ ਵੀ ਹੋਵੇ ਕਿ ਇਸ ਨਾਲ ਸਮਾਜ ਨੂੰ ਕੋਈ ਲਾਭ ਪਹੁੰਚੇਗਾ ਜਾਂ ਨਹੀਂ। ਵਿਸ਼ਾ ਚੁਣਨ ਸਮੇਂ ਉਹ ਵਿਸ਼ੇ ਚੁਣਨੇ ਚਾਹੀਦੇ ਹਨ ਜੋ ਸਮਾਜ ਦੇ ਲੋਕਾਂ ਉਪਰ ਸਦਾਚਾਰਕ ਪੱਖ ਤੋਂ ਚੰਗੇ ਪ੍ਰਭਾਵ ਦੇ ਸਕਣ। ਵਿਸ਼ੇ ਵਿੱਚ ਕੋਈ ਨਿਗਰ-ਵਿਚਾਰ ਹੋਵੇ, ਚੰਗੇ ਕੰਮਾਂ ਲਈ ਕੋਈ ਪ੍ਰੇਰਨਾ ਦੇਵੇ, ਸਮਾਜਿਕ ਕਮੀਆਂ ਸਬੰਧੀ ਸੁਚੇਤ ਕਰੇ, ਵਿਸ਼ਾ ਉਹੀ ਹੋਵੇ ਜੋ ਮਨੁੱਖੀ ਚੇਤਨਾ ਨੂੰ ਜਗਾਵੇ ਅਤੇ ਪ੍ਰਚੰਡ ਕਰੇ।

ਸੇਖੋਂ ਦੇ ਇਕਾਂਗੀ ਸੰਗ੍ਰਹਿ ਵਿੱਚ 'ਛੇ ਘਰ' ਵਿੱਚਲੇ ਨਾਟਕਾਂ ਦੇ ਵਿਸ਼ੇ ਆਮ ਜੀਵਨ ਵਿਚੋਂ ਲਏ ਗਏ ਹਨ ਤੇ ਇਹ ਆਮ ਮਨੁੱਖ ਅੰਦਰ ਇੱਕ ਚੇਤਨਾ ਨੂੰ ਪੈਦਾ ਕਰਦੇ ਤੇ ਉਸਨੂੰ ਚੰਗੇ ਕੰਮ ਕਰਨ ਲਈ ਪ੍ਰੇਰਨਾ ਦਿੰਦੇ ਹਨ। ਇਸ ਨਾਟ ਸੰਗ੍ਰਹਿ ਦੀ ਭੂਮਿਕਾ ਵਿੱਚ ਡਾ. ਮੁਹੰਮਦ ਦੀਨ ਤਾਸੀਰ ਲਿਖਦੇ ਹਨ:-

ਪ੍ਰੋ. ਸੰਤ ਸਿੰਘ ਸੇਖੋਂ ਨੇ ਇਨ੍ਹਾਂ ਨਾਟਕਾਂ ਨਾਲ ਸਾਹਿਤ ਦੀ ਬਹੁਤ ਵੱਡੀ ਖਿਦਮਤ ਕੀਤੀ ਹੈ। ਸਿਰਫ ਇਸ ਲਈ ਨਹੀਂ ਕਿ ਉਸਨੇ ਸਾਡੇ ਇਲਮੀ ਥੀਏਟਰ ਨੂੰ ਨਵਾਂ ਮਸਾਲਾ ਦਿੱਤਾ ਹੈ, ਸਗੋਂ ਇਸ ਲਈ ਕਿ ਉਸਨੇ ਮਹਜ ਖਿਆਲ ਆਰਾਈ ਤੋਂ ਕੰਮ ਨਹੀਂ ਲਿਆ, ਸਾਡੀ ਜ਼ਿੰਦਗੀ ਦੀਆਂ ਹਕੀਕਤਾਂ ਨੂੰ ਸਾਹਮਣੇ ਰੱਖਿਆ ਹੈ। ਸਾਡੀਆਂ ਸਮਾਜੀ ਲੋੜਾਂ, ਸਾਡੀ ਇਤਸਾਦੀ ਹਾਲਤ ਤੇ ਸਾਡੇ ਸਿਆਸੀ ਸਵਾਲਾ ਨੂੰ ਆਪਣਾ ਮਸਾਲਾ ਬਣਾਇਆ ਹੈ। ਉਨ੍ਹਾਂ ਨੇ ਆਪਣੇ ਨਾਟਕਾਂ ਤੋਂ ਉਪਦੇਸ਼ ਦਾ ਕੰਮ ਨਹੀਂ ਲਿਆ। ਸਗੋਂ ਇੱਕ ਸੱਚੇ ਸਾਹਿਤਕਾਰ ਦੀ ਤਰ੍ਹਾਂ ਆਪਣੇ ਅਨੁਭਵਾਂ ਨੂੰ ਸਾਡੇ ਅੱਗੇ ਪੇਸ਼ ਕੀਤਾ ਹੈ। ਇਨ੍ਹਾਂ ਨਾਟਕਾਂ ਦਾ ਵਿਸ਼ਾ, ਪਾਤਰ, ਮੌਕਾ ਮੇਲ ਸਥਿਤੀਆਂ ਆਦਿ ਰਾਹੀਂ ਪੇਸ਼ ਹੁੰਦਾ ਹੈ।

'ਹੜਤਾਲ' ਨਾਟਕ ਵਿੱਚ ਵੀ ਪਾਤਰ ਪੇਂਡੂ ਹਨ, ਭਾਵੇਂ ਮੌਕਾ ਤੇ ਮਾਹੌਲ ਸ਼ਹਿਰੀ ਹਨ। ਇਨ੍ਹਾਂ ਨਾਟਕਾਂ ਦੀ ਬੋਲੀ ਇਨ੍ਹਾਂ ਦੇ 'ਪਾਤਰ' ਹਨ ਪਰ ਉਨ੍ਹਾਂ ਦੀ ਹਾਲਤ ਨਾਲ ਬਹੁਤ ਢੁੱਕਵੀਂ ਹੈ। ਨਾਟਕ ਵਿੱਚ ਨਾਵਲ ਨਾਲੋਂ ਕਿਤੇ ਵੱਧ ਬੋਲੀ, ਲਿਬਾਸ, ਸ਼ਕਲ ਸੂਰਤ ਤੇ ਜਿਸਮਾਨੀ ਹਰਕਤਾਂ ਦਾ ਮੁਨਾਸ਼ਿਬ ਹੋਣਾ ਜਰੂਰੀ ਹੈ। ਕਿਉਂਕਿ ਇਹ ਸਭ ਗੱਲਾਂ ਸਟੇਜ ਉੱਤੇ ਨਾਟ ਦੀ ਸੂਰਤ ਵਿੱਚ ਆਉਂਦੀਆਂ ਹਨ। ਇਕ ਛੋਟੀ ਜਿਹੀ ਬੇਮੌਕਾ ਹਰਕਤ, ਇੱਕ ਮੁਖਤਾਰ ਜਿਹਾ ਮੁਹਾਵਰੇ ਤੋਂ ਉਲਟ ਫਿਕਰਾ ਸਾਰੇ ਤਲਿਸਮ ਨੂੰ ਤੋੜ ਦਿੱਤਾ ਹੈ। 'ਪੁੱਤਰ', 'ਹੜਤਾਲ' ਤੇ 'ਭਾਵੀ' ਨਾਟਕਾਂ ਵਿੱਚ

ਗੱਲਬਾਤ ਦੀ ਬੋਲੀ ਬੇਐਬ ਹੈ।

'ਇੱਕ ਐਤਵਾਰ' ਨਾਟਕ ਸ਼ਹਿਰੀ ਜ਼ਿੰਦਗੀ, ਸਫ਼ੈਦਪੋਸ਼ ਵਕੀਲ ਪੇਸ਼ਾ ਲੋਕਾਂ ਦੇ ਘਰ ਦਾ ਨਕਸ਼ਾ ਹੈ। ਲਿਖਾਰੀ ਆਪ ਇਸ ਜਮਾਤ ਦਾ ਮੈਂਬਰ ਹੈ। ਇਸਨੇ ਮੁੱਢ ਵਿੱਚ ਜੋ ਤਨਜ਼ ਇਖਤਿਆਰ ਕੀਤਾ ਹੈ, ਜਿਸ ਤਰ੍ਹਾਂ ਦੋ ਸਤਰਾਂ 'ਤੇ ਬਿਆਨ ਕਾਇਮ ਕੀਤਾ ਹੈ, ਅਖੀਰ ਵਿੱਚ ਉਸਨੂੰ ਛੱਡ ਕੇ ਲਾਡ ਪਿਆਰ ਸ਼ੁਰੂ ਕਰ ਦਿੱਤਾ ਹੈ।

'ਮਹਾਤਮਾ' ਅਤੇ 'ਬਾਬਾ ਬੋਹੜ' ਦੋਵੇਂ ਸ਼ਾਇਰਾਨਾ ਨਾਟਕ ਹਨ। ਮਹਾਤਮਾ ਦੀ ਇਬਾਰਤ ਨਸਰ ਵਿੱਚ ਹੈ, ਪਰ ਬਿਆਨ ਸ਼ਾਇਰਾਨਾ ਹੈ, ਇਕ ਪੁਰਾਣੀ ਗੱਲ ਨੂੰ ਧਾਰਮਿਕ ਹਵਾ ਵਿਚੋਂ ਕੱਢ ਕੇ ਹਕੀਕਤ ਦੀ ਦੁਨੀਆਂ ਵਿੱਚ ਲਿਆ ਖੜੀ ਕੀਤਾ ਹੈ। ਇਹ ਬਹੁਤ ਵੱਡਾ ਕਾਰਨਾਮਾ ਹੈ। ਅੰਜਾਮ ਦੀ ਤਲਖ਼ੀ ਦੇ ਤਨਜ਼ ਨੂੰ ਹੋਰ ਵੀ ਡੰਗ ਬਣਾ ਦਿੰਦੀ ਹੈ। 'ਬਾਬਾ ਬੋਹੜ' ਬਕਾਇਦਾ ਨਜ਼ਮ ਹੈ ਤੇ ਸਾਡੇ ਪਿੰਡਾਂ ਦੀ ਜ਼ਿੰਦਗੀ ਦਾ ਇੱਕ ਬਾਹਰੀ ਨਜ਼ਾਰਾ ਹੈ।

ਸੰਤ ਸਿੰਘ ਸੇਖੋਂ ਦੇ ਨਾਟਕਾਂ ਦੇ ਵਿਸ਼ੇ ਸਮਾਜਿਕ, ਇਤਿਹਾਸਕ ਤੇ ਆਰਥਿਕ ਸਮੱਸਿਆਵਾਂ ਵਾਲੇ ਹੁੰਦੇ ਹਨ। ਉਹ ਪੇਂਡੂ ਤੇ ਸ਼ਹਿਰੀ ਦੋਹਾਂ ਜੀਵਨਾਂ ਨੂੰ ਬਿਆਨ ਕਰਦਾ ਹੈ। ਉਸਦੇ ਨਾਟਕਾਂ ਵਿੱਚ ਬੌਧਿਕ ਅੰਸ਼ ਕਾਫ਼ੀ ਹੁੰਦਾ ਹੈ ਜਿਵੇਂ 'ਮਹਾਤਮਾ' ਨਾਮੀ ਨਾਟਕ ਵਿੱਚ ਉਹ ਦੱਸਦਾ ਹੈ ਕਿ ਦਾਨ ਦੇਣ ਨਾਲ ਸਵਰਗਾਂ ਵਿੱਚ ਕੋਠੀਆਂ ਨਹੀਂ ਆਲਾਟ ਹੁੰਦੀਆਂ। ਅਮੀਰਾਂ ਤੇ ਗਰੀਬਾਂ ਦੋਹਾਂ ਸ਼੍ਰੇਣੀਆਂ ਵਿੱਚ ਲੋਕਾਂ ਕੋਲੋਂ ਲਏ ਦਾਨ ਵਿੱਚ ਪਾਪ ਹੁੰਦਾ ਹੈ। ਅਮੀਰਾਂ ਦੀ ਕਮਾਈ ਵਿੱਚਲੇ ਦਾਨ ਵਿੱਚ ਮਿਹਨਤੀ ਮਜ਼ਦੂਰਾਂ ਦਾ ਤੇ ਮਜ਼ਦੂਰਾਂ ਦੀ ਕਮਾਈ ਵਿੱਚਲੇ ਦਾਨ ਵਿੱਚ ਉਨ੍ਹਾਂ ਤੇ ਉਨ੍ਹਾਂ ਦੇ ਬੱਚਿਆਂ ਦਾ ਲਹੂ ਹੁੰਦਾ ਹੈ। ਅਜਿਹੇ ਦਾਨ ਕਿਸੇ ਵਿਹਲੜ ਮਹਾਤਮਾ ਲਈ ਵੀ ਦਾਨ ਵਿੱਚ ਲੈਣਾ ਪਾਪ ਹੈ। ਇਸ ਤਰ੍ਹਾਂ ਇਸ ਨਾਟਕ ਵਿੱਚ ਇੱਕ ਨਵੇਂ ਢੰਗ ਨਾਲ ਦਾਨ ਲੈਣ ਤੇ ਦੇਣ ਦੀ ਪਰੰਪਰਾਵਾਦੀ ਰੀਤੀ ਨੂੰ ਗਲਤ ਸਾਬਤ ਕਰਨਾ ਸੇਖੋਂ ਦੀ ਵਿਦਵਤਾ ਦਾ ਨਿਖਰਵਾਂ ਸਬੂਤ ਹੈ।

'ਮਹਾਤਮਾ' ਨਾਟਕ ਵਿੱਚ ਵਿਸ਼ੇ ਪੱਖ ਤੋਂ ਤਿੰਨ ਮੁੱਦੇ ਪੇਸ਼ ਕੀਤੇ ਹਨ: ਉਹ ਲੋਕ ਜਿਹੜੇ ਕਿਰਤ ਕਰਦੇ ਲੋਕਾਂ ਦੀ ਕਿਰਤ 'ਤੇ ਪਲਦੇ ਹਨ, ਉਨ੍ਹਾਂ ਦੇ ਅੰਨ ਵਿੱਚ ਲਹੂ ਹੈ। ਦੂਜਾ ਮੁੱਦਾ, ਇਹ ਹੈ ਕਿ ਉਹ ਵਿਅਕਤੀ ਵੀ ਲਹੂ ਪੀਂਦੇ ਹਨ, ਜੋ ਵਿਹਲੇ ਰਹਿ ਕੇ ਬਿਨ੍ਹਾਂ ਹੱਥੀਂ ਕਿਰਤ ਕੀਤੇ ਮੰਗ-ਪਿੰਨ ਕੇ ਹੀ ਭੋਜਨ ਖਾਂਦੇ ਹਨ।

ਤੀਜੇ ਮੁੱਦਾ ਉਹ ਦਾਨ ਵੀ ਲਹੂ ਹੈ, ਜੋ ਦਾਨ ਅਸੀਂ ਆਪਣੀਆਂ ਆਂਦਰਾਂ ਨੂੰ ਤਰਸਾ ਕੇ, ਭਾਵ ਆਪਣੇ ਮਾਸੂਮ ਬੱਚਿਆਂ ਦੀ ਲੁੱਛਦੀ ਭੁੱਖ ਨੂੰ ਵਿਸਾਰ ਕੇ ਕਰਦੇ ਹਨ। ਅਸਲ ਵਿੱਚ ਉਹੀ ਦਾਨ ਫਲ ਦੇਹ ਹੈ, ਜੋ ਦਾਨ ਅਸੀਂ ਆਪਣੇ

ਸਮੁੱਚੇ ਪਰਿਵਾਰ ਦੀ ਭੁੱਖ ਨੂੰ ਤ੍ਰਿਪਤ ਕਰਨ ਉਪਰੰਤ ਕਰਦੇ ਹਾਂ।

'ਪੁੱਤਰ' ਨਾਟਕ ਵਿੱਚ ਸੇਖੋਂ ਨੇ ਪੇਂਡੂ ਲੋਕਾਂ ਦੇ ਜੀਵਨ ਦਾ ਚਿੱਤਰਨ ਪੇਸ਼ ਕੀਤਾ ਹੈ। ਪਿੰਡਾਂ ਵਿੱਚ ਧੜੇਬਾਜ਼ੀਆਂ ਤੇ ਵੈਰ ਲੈਣ ਦੀ ਭਾਵਨਾ ਜਾਗ ਪੈਂਦੀ ਹੈ ਤੇ ਇਹ ਵੈਰ ਕਈ ਪੀੜ੍ਹੀਆਂ ਤੱਕ ਚੱਲਦਾ ਹੈ। ਨਾਟਕ ਵਿੱਚ ਸੇਖੋਂ ਨੇ ਸਰਕਾਰੀ ਕਰਮਚਾਰੀਆਂ ਦੁਆਰਾ ਪੇਂਡੂ ਲੋਕਾਂ ਨੂੰ ਵੱਖੋ-ਵੱਖ ਤਰੀਕੇ ਨਾਲ ਲੁੱਟਣ ਬਾਰੇ ਆਸਾਂ, ਆਪਣੇ ਬੱਚਿਆਂ ਨੂੰ ਪੜ੍ਹਾਉਣ ਦਾ ਸੰਦੇਸ਼ ਅਤੇ ਬੱਚੇ ਪੜ੍ਹ-ਲਿਖ ਕੇ ਆਪਣੇ ਮਾਧਿਆਂ ਦੀਆਂ ਮੁਸ਼ਕਿਲਾਂ ਦਾ ਹੱਲ ਕਰਨ ਆਦਿ ਸਮੱਸਿਆਵਾਂ ਨੂੰ ਵਿਸ਼ੇ ਵਜੋਂ ਪੇਸ਼ ਕੀਤਾ ਹੈ।

ਸੇਖੋਂ 'ਹੜਤਾਲ' ਨਾਟਕ ਵਿੱਚ ਮਜ਼ਦੂਰਾ ਦੀ ਆਮ ਘਰੋਗੀ ਜ਼ਿੰਦਗੀ ਨੂੰ ਬਿਆਨਦਾ ਹੈ। ਇਸ ਨਾਟਕ ਵਿੱਚ ਨੈਤਿਕਵਾਦ ਅਤੇ ਮਾਰਕਸਵਾਦ ਦੇ ਨੁਕਤੇ ਸਮਝਾਉਦਿਆਂ ਨਾਟਕਕਾਰ ਨੇ ਮਜ਼ਦੂਰਾਂ ਦੀ ਹੜਤਾਲ ਦਾ ਵਰਣਨ ਪੇਸ਼ ਕੀਤਾ ਹੈ। ਨਾਟਕਕਾਰ ਇਹ ਵੀ ਦਿਖਾਉਂਦਾ ਹੈ ਕਿ ਹੜਤਾਲ ਕਰਨ ਨਾਲ ਮਜ਼ਦੂਰਾਂ ਦੇ ਘਰ ਆਰਥਿਕ ਸੰਕਟ ਪੇਦਾ ਹੋ ਜਾਂਦਾ ਹੈ-

ਸਦਰਾਂ: ਚਾਚੀ ਤੈਨੂੰ ਕੀ ਦੱਸਾਂ? ਕੱਲ ਰਾਤੀ, ਮੈਨੂੰ ਪਤਾ ਏ ਰੋਟੀ ਨਹੀਂ ਖਾਧੀ। ਹੱਥ 'ਤੇ ਰੱਖ ਕੇ ਬਾਹਰ ਨਿਕਲ ਗਿਆ। ਮੈਨੂੰ ਸੁੱਝਦੀ ਹੈ ਕਿਸੇ ਨੂੰ ਦੇ ਆਇਆ। ਤਦੇ ਨਹੀਂ ਸੁ ਨੀਦ ਆਈ ਭੁੱਖੇ ਨੂੰ

ਨੂਰਬੀਬੀ: ਨੀ ਜਾਹ, ਪਖੰਡ ਕੀ ਕਰਦੀ ਏਂ? ਐਡਾ ਵਲੀ ਇਹਦਾ ਮੀਰ ਬਖ਼ਸ਼, ਜਿਹੜਾ ਆਪਣੇ ਮੂੰਹ ਦੀ ਬੁਰਕੀ ਦੂਜਿਆਂ ਨੂੰ ਦੇ ਦੇਵੇ। ਇਹ ਚਤੁਰਾਈਆਂ ਕਿਸੇ ਹੋਰ ਨਾਲ ਕਰੀ। (ਛੇ ਘਰ, ਪੰਨਾ 68)

'ਇੱਕ ਐਤਵਾਰ' ਨਾਟਕ ਵਿੱਚ ਸੇਖੋਂ ਨੇ ਵਕੀਲ ਤੇ ਉਸਦੀ ਪਤਨੀ ਦੇ ਸੁਭਾਵਾਂ ਦੀ ਟੱਕਰ ਨੂੰ ਪੇਸ਼ ਕੀਤਾ ਹੈ। ਸੇਖੋਂ ਨੇ ਇਸਤਰੀ ਦੇ ਘੱਟ ਸਿਆਣੀ ਹੋਣ ਤੇ ਦਿਮਾਗੀ ਪੱਧਰ ਤੋਂ ਕਮਜ਼ੋਰ ਹੋਣ ਬਾਰੇ ਚੋਟ ਲਾਈ ਹੈ ਨਾਲ ਹੀ ਉਸਨੇ ਔਰਤਾਂ ਦੁਆਰਾ ਆਪਣੇ ਨੌਕਰਾਂ ਨੂੰ ਭੈ-ਭੀਤ ਕਰਨ ਦੀ ਵੀ ਕਾਫੀ ਵਿਰੋਧਤਾ ਕੀਤੀ। ਇਸ ਨਾਟਕ ਵਿੱਚ ਨਾਵਲ ਪੜ੍ਹਨ ਤੇ ਡਾਇਰੀ ਲਿਖਣ ਦਾ ਉਪਦੇਸ਼ ਵੀ ਦਿੱਤਾ ਗਿਆ ਹੈ।

ਉਦਾਹਰਨ ਵਜੋਂ :-

ਵਕੀਲ ਸਾਹਿਬ: ਬੱਸ ਏਹੋ ਚਾਹੁੰਦੇ ਓ ਕਿ ਹਰ ਪਾਸੇ ਆਪ ਦੀ ਈ ਚਰਚਾ ਹੋਵੇ, ਸਾਰਿਆਂ ਦੇ ਧਿਆਨ ਦਾ ਕੇਂਦਰ ਆਪ ਈ ਬਣੇ ਰਹੋ ਤੇ ਇਹ ਬੰਦਾ ਆਪ ਹੀ ਤੁਹਾਡੀ ਅਦਾਅ ਉੱਤੇ ਮਰ-ਮਰ ਜਾਵੇ।

ਪਤਨੀ: (ਰਤਾ ਕੁ ਆਕੜ ਕੇ) ਜੀ ਹਾਂ, ਮੇਰੇ ਲਾਡ ਪਿਆਰ ਹੁਣ ਭਲਾ ਕਿਓਂ ਚੰਗੇ ਲੱਗਣੇ ਹੋਏ, ਜਦ ਕਿ ਸ੍ਰੀਮਾਨ ਜੀ ਨੂੰ ਦੂਜਿਆਂ ਦੀਆਂ- ਪ੍ਰੇਮ ਕਹਾਣੀਆਂ ਮਜ਼ੇ ਲੈ-ਲੈ ਕੇ ਪੜ੍ਹਨ ਲਈ ਮਿਲ ਜਾਂਦੀਆਂ ਨੇ ਤੇ ਜੀ, ਮੈਨੂੰ ਤਾਂ ਇਹ ਵੀ ਡਰ ਲੱਗਣ ਲੱਗ ਪਿਆ ਕਿ ਕਿਧਰੇਂ ਆਪ ਹੀ ਨਾਵਲੀ ਕਿਸਮ ਦੇ ਆਦਮੀ ਨਾ ਬਣ ਜਾਓ। (ਛੇ ਘਰ, ਪੰਨਾ 45)

ਸੇਖੋਂ ਦਾ 'ਭਾਈ' ਨਾਟਕ ਰਾਜਿਆਂ ਦੀਆਂ ਕਾਮਨਾਵਾਂ ਦੇ ਵਿਸ਼ੇ ਨਾਲ ਸੰਬੰਧਿਤ ਹੈ ਉਸਨੇ ਇਸ ਨਾਟਕ ਵਿੱਚ ਰਾਜਿਆਂ ਦੇ ਐਸਪਰਸਤੀ, ਭੋਗ ਵਿਸ਼ਾਲਤਾ ਆਦਿ ਨੂੰ ਪੇਸ਼ ਕੀਤਾ ਹੈ। ਆਪਣੀਆਂ ਕਾਮਵਾਸ਼ਨਾਵਾਂ ਦੀ ਪੂਰਤੀ ਲਈ ਕਈ-ਕਈ ਵਿਆਹ ਕਰਾਉਂਦੇ ਹਨ। ਜੇਕਰ ਰਾਜੇ ਦੀ ਆਪਣੀ ਉਮਰ 45 ਸਾਲ ਹੁੰਦੀ ਸੀ ਤਾਂ ਉਹ 15-16 ਸਾਲ ਦੀ ਉਮਰ ਦੀ ਯੁਕਤੀ ਨਾਲ ਵੀ ਵਿਆਹ ਕਰਵਾਉਣਾ ਠੀਕ ਸਮਝਦੇ ਸਨ। ਰਾਜੇ ਅੱਤ ਦੇ ਭੋਗ ਵਿਲਾਸੇ ਹੁੰਦੇ ਸਨ ਪਰ ਉਹ ਆਪਣੇ ਬੱਚਿਆਂ ਨੂੰ ਕਿਸੇ ਨਾਲ ਪਿਆਰ ਤੱਕ ਨਹੀਂ ਕਰਨ ਦਿੰਦੇ ਸਨ। ਇਨ੍ਹਾਂ ਰਾਜਿਆਂ ਦੇ ਵਜ਼ੀਰ ਵੀ ਏਨਾਂ ਦੀ ਚਾਪਲੂਸੀ ਕਰਦੇ ਤੇ ਹੁਕਮ ਦੇ ਗੁਲਾਮਾਂ ਵਾਂਗ ਇਨ੍ਹਾਂ ਦੀਆਂ ਮਾੜੀਆਂ ਹਰਕਤਾਂ ਵਿੱਚ ਸਿਰ ਹਿਲਾਉਂਦੇ ਰਹਿੰਦੇ। ਉਦਾਹਰਨ ਵਜੋਂ :-

ਵਿਜੈ ਸਿੰਘ: ਕੇਡਾ ਅਨਰਥ ਹੈ ਕਿ ਮੇਰੇ ਪਿਤਾ ਜਿਹਾ ਪੰਜਾਹ ਸਾਲ ਦਾ ਬੁੱਢਾ ਇਕ ਮਸਾਂ ਸੋਲਾਂ ਸਾਲ ਦੀ ਲੜਕੀ ਉੱਤੇ ਮੋਹਿਤ ਹੋ ਜਾਵੇ ਮੈਂ ਤੁਹਾਨੂੰ ਦੱਸਦਾ ਹਾਂ ਬ੍ਰਿਜੇਸ਼ਰੀ ਅਜੇ ਸੋਲਾਂ ਸਾਲ ਦੀ ਵੀ ਨਹੀਂ।

ਵਿਸ਼ਵਾ ਨਾਥ: ਆਪ ਦੇ ਪਿਤਾ ਕੁਮਾਰ, ਅਜੇ ਮਸਾਂ ਪੰਤਾਲੀ ਹੀ ਟੱਪੇ ਹਨ। ਤੁਸੀਂ ਉਨ੍ਹਾਂ ਨੂੰ ਪੰਜਾਹ ਸਾਲ ਦੇ ਕਹਿ ਕੇ ਅਨਿਆਇ ਕਰਦੇ ਹੋ। (ਛੇ ਘਰ, ਪੰਨਾ 76-77)

ਰਜਵਾੜਾ ਸ਼ਾਹੀ ਤੇ ਸਾਮੰਤਵਾਦੀ ਯੁਗ ਵਿੱਚ ਰਾਜੇ, ਅਹਿਲਕਾਰ ਤੇ ਹੋਰ ਵੱਡੇ-ਵੱਡੇ ਅਧਿਕਾਰੀ ਜਨਤਾ ਦੇ ਧਨ ਨਾਲ ਐਸ਼ ਕਰਦੇ ਹਨ, ਉਨ੍ਹਾਂ ਨੂੰ ਹਰ ਰੋਜ਼ ਨਵੇਂ ਸਰੀਰ ਦੀ ਤਾਂਘ ਹੁੰਦੀ ਸੀ।

'ਬਾਬਾ ਬੋਹੜ' ਸੇਖੋਂ ਦਾ ਇੱਕ ਪਦ ਨਾਦ ਹੈ ਜਿਸ ਵਿੱਚ ਨਾਟਕਕਾਰ ਨੇ ਦੋ ਕਿਸਮ ਦੇ ਛੰਦਾਂ ਦਾ ਪ੍ਰਯੋਗ ਕੀਤਾ ਹੈ। ਬਾਬਾ ਬੋਹੜ ਦੀ ਮੁੰਡਿਆਂ ਨਾਲ ਗੱਲਬਾਤ ਵਿੱਚ ਜੰਗਨਾਮੇ ਵਾਲਾ ਅਤੇ ਕੁੜੀਆਂ ਨਾਲ ਵਾਰਤਾਲਾਪ ਵਿੱਚ ਮਿਰਜ਼ਾ ਸਾਹਿਬਾ ਵਾਲਾ। ਇਸ ਨਾਟਕ ਦੀ ਵਸਤੂ ਬੜੀ ਇਤਿਹਾਸਕ ਮਹੱਤਤਾ ਵਾਲੀ ਹੈ ਇਸ ਰਾਹੀਂ ਲੋਕਾਂ ਨੂੰ ਪੁਰਾਣੇ ਪੰਜਾਬ ਦੀਆਂ ਇਤਿਹਾਸਕ ਸੱਚਾਈਆਂ ਨਾਲ ਅਗਵਾਈ ਦੇ ਕੇ ਸਮਾਜਵਾਦ ਲਈ ਪ੍ਰੇਰਿਆ ਹੈ। ਇਸ ਨਾਟਕ

ਵਿੱਚ ਪੰਜਾਬ ਦੇ ਕਾਮਿਆਂ ਤੇ ਜੱਟਾਂ ਦਾ ਇਤਿਹਾਸ, ਬਾਰੇ ਜਾਣੂ ਕਰਵਾਇਆ ਹੈ ਤੇ ਸਾਡੇ ਇਤਿਹਾਸ ਦੇ ਮਹਾਨ ਨਾਇਕ ਯੋਧੇ ਗੁਰੂ ਗੋਬਿੰਦ ਸਿੰਘ, ਬੰਦਾ ਸਿੰਘ ਬਹਾਦਰ ਆਦਿ ਅਗਵਾਈ ਕਰਿਆ ਕਰਦੇ ਸਨ।

ਇਹ ਜੱਟ ਸ਼੍ਰੇਣੀ ਵਿਸ਼ੇਸ ਜਾਤ ਨਾਲ ਸੰਬੰਧਿਤ ਨਾ ਹੋ ਕੇ ਖੇਤੀ ਕਰਨ ਵਾਲੇ ਹਰ ਵਰਗ ਨਾਲ ਸੰਬੰਧਿਤ ਸੀ। ਅਸਲ ਵਿੱਚ ਪੰਜਾਬ ਦਾ ਇਹਿਤਾਸ ਸਿੱਖ ਇਤਿਹਾਸ ਹੀ ਹੈ। ਇਸ ਕਾਵਿ ਨਾਟ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਲੈ ਕੇ 1848 ਤੱਕ ਦੀ ਕਥਾ ਹੈ। ਸੇਖੋਂ ਨੇ ਇਸ ਨਾਟ ਦਾ ਨਾਂ 'ਬਾਬਾ ਬੋਹੜ' ਸੰਘਣੀ ਛਾਂ ਅਤੇ ਲੰਬੀ ਉਮਰ ਵਾਲੇ ਇੱਕ ਦਰੱਖਤ ਦੇ ਨਾਂ ਅਨੁਸਾਰ ਰੱਖਿਆ ਜਿਸ ਨੂੰ 'ਪੰਜਾਬ ਸੱਭਿਆਚਾਰ ਵਿੱਚ ਪਵਿੱਤਰ ਮੰਨਿਆ ਜਾਂਦਾ ਹੈ। ਇਸ ਕਾਵਿ ਨਾਟ ਵਿੱਚ ਮੁੰਡੇ ਬਾਬੇ ਨਾਲ ਪੁਰਾਣੇ ਪੰਜਾਬ ਦੀ ਗੱਲ ਕਰਦਿਆਂ ਉਸਨੂੰ ਯਾਦ ਕਰਦੇ ਹਨ ਅਤੇ ਉਸ ਵਰਗੇ ਪੰਜਾਬ ਦੀ ਲੋਚਾ ਕਰਦੇ ਹਨ। ਪੁਰਾਣੇ ਪੰਜਾਬ ਵਰਗਾ ਕੁਝ ਵੀ ਨਹੀਂ ਨਾ ਹੋਣ ਕਾਰਨ ਉਹ ਇਸ ਗੱਲ ਦਾ ਦੋਸ਼ ਅੰਗਰੇਜ਼ਾਂ ਦੀ ਆਮਦ ਨੂੰ ਦਿੰਦੇ ਹਨ। ਉਨ੍ਹਾਂ ਅਨੁਸਾਰ ਦੇਸ਼ ਵਿਚੋਂ ਦੁੱਧ ਦਹੀਂ ਦਾ ਖਾਤਮਾ ਹੋਇਆ ਤੇ ਇਸ ਦੀ ਜਗ੍ਹਾਂ ਮੇਜ-ਕੁਰਸੀ ਨੇ ਲੈ ਲਈ। ਪੰਜਾਬ ਦੇ ਖੇਤਾਂ ਵਿੱਚ ਜਿੱਥੇ ਪਹਿਲਾਂ ਫ਼ਸਲਾਂ ਝੂਮਦੀਆਂ ਸਨ ਉੱਥੇ ਹੁਣ ਰੇਲਗੱਡੀਆਂ ਦੌੜਦੀਆਂ ਨਜ਼ਰ ਆਉਂਦੀਆਂ ਹਨ ਉਹ ਇਸਨੂੰ ਅੰਗਰੇਜਾਂ ਦਾ ਨੁਕਸ ਮੰਨਦੇ ਹਨ।

ਮੁੰਡਾ: ਜਦ ਹੋਏ ਸਨ ਦੇਸ਼ ਦੇ ਹਾਕਮ ਅੰਗਰੇਜ਼
ਸੁੱਖ ਅਸਾਡੇ ਉਨ੍ਹਾਂ ਨੇ ਦਿੱਤੇ ਸਨ ਭੇਜ
ਖ਼ਬਰੇ ਕਿਹੜੇ ਦੇਸ਼ ਨੂੰ! ਉਹਨਾਂ ਦਿੱਤੇ ਭੇਜ
ਦੁੱਧ ਦਹੀਂ ਦੀ ਥਾਓਂ ਨੇ ਹੁਣ ਕੁਰਸੀ ਮੇਜ
ਟੁੱਟੇ ਨਾਹੀਂ ਪਿਛਲੇ, ਪਏ ਹੋਰ ਬੰਧੇਜ-

ਪਰ ਬਾਬਾ ਬੋਹੜ ਉਨ੍ਹਾਂ ਦੀਆਂ ਸਾਰੀਆਂ ਗੱਲਾਂ ਨਾਲ ਸਹਿਮਤ ਨਹੀਂ

ਬਾਬਾ ਬੋਹੜ: ਗੱਲਾਂ ਬੀਬੇ ਰਾਣਿਆਂ, ਹਨ ਤੇਰੀਆਂ ਠੀਕ
ਪੰਜਾਂ ਵਿਚੋਂ ਚਾਰ, ਪਰ ਪੰਜਵੀਂ ਤਫ਼ਰੀਕ

ਅਸਲ ਵਿੱਚ ਨਾਟਕਕਾਰ ਨੇ ਇਸ ਵਿੱਚ ਦੋ ਵਿਰੋਧੀ ਸ਼ਕਤੀਆਂ ਦਾ ਭੇੜ ਦਿਖਾਉਣ ਦਾ ਯਤਨ ਕੀਤਾ ਅਤੇ ਕਿਰਸਾਨੀ ਵਰਗ ਨਾਲ ਸੰਬੰਧਿਤ (ਜੱਟ ਜਾਤੀ) ਜਾਤੀ ਦੀ ਸੂਰਮਗਤੀ ਨੂੰ ਉਭਾਰਿਆ ਹੈ,

ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਸੇਖੋਂ ਦਾ ਨਾਟ ਸੰਗ੍ਰਹਿ 'ਛੇ ਘਰ' ਵੱਖ-ਵੱਖ ਛੇ ਤਰ੍ਹਾਂ ਦੀਆਂ ਪ੍ਰਵਿਰਤੀਆਂ ਦੀ ਗੱਲ ਕਰਦਾ ਹੈ। ਉਹ ਆਪਣੇ ਇਨ੍ਹਾਂ ਇਕਾਂਗੀਆਂ ਵਿੱਚ ਕਿਰਤੀ ਮਜ਼ਦੂਰ ਤੇ ਉਨ੍ਹਾਂ ਨੂੰ ਆਉਣ ਵਾਲੀਆਂ ਆਰਥਿਕ ਤੰਗੀਆਂ, ਪਿੰਡਾਂ ਦੇ ਵਿੱਚ ਸ਼ਰੀਕੇਬਾਜ਼ੀ-ਧੜੇਬਾਜ਼ੀ, ਪਤੀ-ਪਤਨੀ ਦੀ ਨੋਕ-ਝੋਕ ਤੇ ਉਨ੍ਹਾਂ ਦੇ ਆਪਸੀ ਰਿਸ਼ਤੇ ਦੀ ਗੱਲ, ਰਾਜੇ-ਮਹਾਰਾਜਿਆਂ ਦੀ ਜੀਵਨ ਚਰਿੱਤਰ, ਉਹਨਾਂ ਦੀ ਰਹਿਣੀ-ਬਹਿਣੀ, ਪੁਰਾਣੇ ਪੰਜਾਬ ਤੇ ਇਤਿਹਾਸ ਦੀ ਗੱਲ ਕਰਦਾ ਹੋਇਆ ਨਾਟਕਕਾਰ ਆਪਣੇ ਨਾਟਕਾਂ ਵਿੱਚ ਇਨ੍ਹਾਂ ਨੂੰ ਮੁੱਖ ਵਿਸ਼ੇ ਵਜੋਂ ਪੇਸ਼ ਕਰਦਾ ਹੋਇਆ ਨਾਲ ਹੋਰ ਵੀ ਬਹੁਤ ਸਾਰੇ ਗੌਣ ਵਿਸ਼ਿਆਂ ਨੂੰ ਚੁਣਦਾ ਹੈ। ਇਸ ਪੱਖ ਤੋਂ ਦੇਖਿਆ ਜਾਵੇ ਤਾਂ ਸੰਤ ਸਿੰਘ ਇਕ ਸਫ਼ਲ ਨਾਟਕਕਾਰ/ਇਕਾਂਗੀਕਾਰ ਹੈ। ਜੋ ਆਪਣੇ ਇਕਾਂਗੀ ਸੰਗ੍ਰਹਿ ਵਿੱਚ ਵਿਸ਼ਿਆਂ ਨੂੰ ਬਾਖ਼ੂਬੀ ਨਿਭਾਉਂਦਾ ਹੈ ਤੇ ਸਮੱਸਿਆਵਾਂ ਦੇ ਹੱਲ ਵੀ ਪੇਸ਼ ਕਰਦਾ ਹੈ।

## ਅਧਿਐਨ ਦ੍ਰਿਸ਼ਟੀ/ਕਲਾ ਪੱਖ/ ਕਾਵਿ ਕਲਾ

ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਬਹੁਪੱਖੀ ਸ਼ਖ਼ਸੀਅਤ ਹੈ। ਸੇਖੋਂ ਨੂੰ ਮਾਰਕਸੀ ਵਿਚਾਰਧਾਰਾ ਦਾ ਧਾਰਨੀ ਹੋਣ ਕਰਕੇ ਸਮਾਜਵਾਦੀ ਲੇਖਕ ਮੰਨਿਆ ਗਿਆ ਹੈ। ਸੇਖੋਂ ਦੇ ਸਮਾਜਵਾਦੀ ਲੇਖਕ ਬਣਨ ਲਈ ਸਮੁੱਚੇ ਸੰਸਾਰ, ਭਾਰਤ ਤੇ ਪੰਜਾਬ ਪੱਧਰ ਦੀਆਂ ਰਾਜਨੀਤਿਕ ਅਤੇ ਘਰੇਲੂ ਪਰਸਥਿਤੀਆਂ ਦਾ ਵੱਡਮੁੱਲਾ ਯੋਗਦਾਨ ਹੈ। ਉਨ੍ਹਾਂ ਨੇ ਸਾਹਿਤ ਦੇ ਤਕਰੀਬਨ ਸਾਰੇ ਰੂਪਾਂ ਨਾਟਕ, ਨਾਵਲ, ਕਹਾਣੀ, ਕਵਿਤਾ, ਨਿਬੰਧ ਅਤੇ ਆਲੋਚਨਾ ਤੇ ਕਲਮ ਅਜ਼ਮਾਈ ਹੈ।

ਸੇਖੋਂ ਦੀ ਸਮਾਜਵਾਦੀ ਦ੍ਰਿਸ਼ਟੀ ਉਸਦੀਆਂ ਰਚਨਾਵਾਂ ਵਿੱਚੋਂ ਵੇਖਦੇ ਹੋਏ ਡਾ. ਮਨਮੋਹਨ ਕੌਰ ਉਨ੍ਹਾਂ ਦੇ 'ਛੇ ਘਰ' ਇਕਾਂਗੀ ਸੰਗ੍ਰਹਿ ਦੇ ਪਹਿਲਾ ਇਕਾਂਗੀ 'ਮਹਾਤਮਾ' ਬਾਰੇ ਲਿਖਦੇ ਹਨ।

''ਇਹ ਛੇ ਘਰ ਦਾ ਪਹਿਲਾ ਇਕਾਂਗੀ ਹੈ। ਇਸ ਨਾਟਕ ਵਿੱਚ ਸੇਖੋਂ ਨੇ ਆਪਣੀ ਸਮਾਜਵਾਦੀ ਖਿਆਲਾਂ ਦੀ ਰੁਚੀ ਪ੍ਰਗਟਾਈ ਹੈ। ਸਮਾਜਵਾਦੀ ਪਦਾਰਥਵਾਦ ਵਿੱਚ ਯਕੀਨ ਰੱਖਦੇ ਹੋਏ ਆਤਮਾ ਪ੍ਰਮਾਤਮਾ ਵਿੱਚ ਯਕੀਨ ਨਹੀਂ ਰੱਖਦੇ। ਇਸ ਨਾਟਕ ਵਿੱਚ ਧਰਮ ਅਤੇ ਦਾਨ ਪੁੰਨ 'ਤੇ ਚੋਟ ਕੀਤੀ ਗਈ ਹੈ, ਕਲਾਤਮਕ ਢੰਗ ਨਾਲ ਸਮੱਸਿਆ ਦਾ ਵਿਸ਼ਲੇਸ਼ਣ ਕਰ ਕੇ ਨਿੰਦਣ ਦਾ ਯਤਨ ਕੀਤਾ ਗਿਆ ਹੈ।''

ਸੇਖੋਂ ਪੰਜਾਬੀ ਸਾਹਿਤ ਦਾ ਪ੍ਰਮੁੱਖ ਲੇਖਕ ਹੈ ਜਿਸਨੇ ਅਨੇਕ ਸਾਹਿਤਕ ਵਿਧਾਵਾਂ ਵਿੱਚ ਕਾਰਜ ਕਰਕੇ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕੀਤਾ ਹੈ। ਸੇਖੋਂ ਦਾ ਪ੍ਰਸਿੱਧ ਨਾਟ ਸੰਗ੍ਰਹਿ 'ਛੇ ਘਰ' ਹੈ ਜਿਸ ਵਿੱਚ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਛੇ ਨਾਟਕ ਸ਼ਾਮਿਲ ਕੀਤੇ ਗਏ ਹਨ। ਨਾਟਕ ਵਿੱਚ ਪ੍ਰਗਟਾਈ ਗਈ ਵਿਚਾਰਧਾਰਾ ਸਮੱਸਿਆ ਜਾਂ ਦ੍ਰਿਸ਼ਟੀਕੋਣ ਨੂੰ ਵਿਸ਼ਾ ਆਖਦੇ ਹਨ। ਵਿਸ਼ਾ ਨਾਟਕ ਅੰਦਰਲੀ ਸਮੱਗਰੀ ਨਾਲ ਸੰਬੰਧਿਤ ਹੈ ਅਤੇ ਉਸਦੀ ਸਹਾਇਤਾ ਤੋਂ ਬਿਨ੍ਹਾਂ ਉਸਨੂੰ ਨਹੀਂ ਪ੍ਰਗਟਾਇਆ ਜਾ ਸਕਦਾ ਹੈ। ਨਾਟਕ ਦਾ ਵਿਸ਼ਾ ਜੀਵਨ ਦੀਆਂ ਘਟਨਾਵਾਂ ਨਾਲ ਸੰਬੰਧਿਤ ਹੁੰਦਾ ਹੈ ਜੀਵਨ ਵਿੱਚ ਅਨੇਕਾਂ ਰੰਗ ਹੁੰਦੇ ਹਨ। ਉਸੇ ਤਰ੍ਹਾਂ ਨਾਟਕ ਦੇ ਸੰਬੰਧ ਵਿੱਚ ਵੀ ਵਿਸ਼ਿਆਂ ਦੀ ਕਮੀ ਨਹੀਂ। ਨਾਟਕ ਵਿਚਲੇ ਵਿਸ਼ੇ ਸਮਾਜਿਕ ਪੱਖ ਤੋਂ ਸਾਰਥਕ ਹੋਣੇ ਚਾਹੀਦੇ ਹਨ। 'ਛੇ ਘਰ' ਨਾਟ ਸੰਗ੍ਰਹਿ ਦੇ ਵਿਸ਼ੇ ਉਪਰੋਕਤ ਗੱਲਾਂ 'ਤੇ ਅਧਾਰਿਤ ਹਨ। ਇਸ ਨਾਟ ਸੰਗ੍ਰਹਿ ਵਿਚਲੇ ਸਾਰੇ ਵਿਸ਼ੇ ਆਮ ਜੀਵਨ ਵਿੱਚੋਂ ਲਏ ਗਏ ਹਨ।

**ਉਦੇਸ**:-

ਨਾਟਕ ਦਾ ਉਦੇਸ਼ ਹਮੇਸ਼ਾ ਸਦਾਚਾਰਕ ਤੇ ਸਾਰਥਕ ਹੋਣਾ ਚਾਹੀਦਾ ਹੈ 'ਛੇ ਘਰ' ਨਾਟ-ਸੰਗ੍ਰਹਿ ਵਿਚਲੇ ਨਾਟਕਾਂ ਦਾ ਉਦੇਸ਼ ਜੀਵਨ ਵਿਚਲੀਆਂ ਸਦਾਚਾਰਕ ਕੀਮਤਾਂ ਦੀ ਸਥਾਪਤੀ ਨਾਲ ਸੰਬੰਧਿਤ ਹੈ। ਮਹਾਤਮਾ ਨਾਟਕ ਦਾ ਉਦੇਸ਼ ਇਹ ਦਰਸਾਉਣਾ ਹੈ ਕਿ ਪਾਪ ਦੀ ਰੋਟੀ ਲਹੂ ਨਾਲ ਭਰੀ ਹੋਈ ਹੁੰਦੀ ਹੈ। ਇਸ ਤਰ੍ਹਾਂ 'ਭਾਵੀ' ਨਾਟਕ ਹਵਸ ਦੇ ਮਾੜੇ ਨਤੀਜਿਆਂ ਬਾਰੇ ਸੁਚੇਤ ਕਰਦਾ ਹੈ। ਉਸੇ ਤਰ੍ਹਾਂ ਨਾਟ ਸੰਗ੍ਰਹਿ ਦੇ ਨਾਟਕ 'ਬਾਬਾ ਬੋਹੜ' ਵਿੱਚ ਲੇਖਕ ਸਾਡੇ ਪੁਰਾਣੇ ਇਤਿਹਾਸ ਨੂੰ ਮੁੜ ਯਾਦ ਕਰਦਾ ਹੈ। ਉਦਾਹਰਨ ਵਜੋਂ:

ਬਾਬਾ ਬੋਹੜ: ਏਦੂੰ ਬਾਦ ਹੁਣ ਬਾਜ ਸਿੰਘ ਦੀ ਸੁਣੋ ਕਹਾਣੀ,
ਅੰਮ੍ਰਿਤਸਰ ਦੇ ਜ਼ਿਲੇ 'ਚ ਨਗਰੀ ਬਹੁਤ ਪੁਰਾਣੀ
ਆਖਣ ਪੱਟੀ ਮੀਰਪੁਰ, ਬੱਲਾਂ ਦੀ ਖਾਣੀ
ਜਣਿਆ ਜਿਸ ਨੇ ਸੂਰਮਾ ਉਹ ਧੰਨ ਸੁਆਣੀ।

ਇਸ ਪ੍ਰਕਾਰ ਨਾਟਕ ਵਿੱਚ ਦੇਸ਼ ਦੀ ਅਜ਼ਾਦੀ ਤੱਕ ਪਹੁੰਚਦਿਆਂ ਉਹ ਬੰਦਾ ਬਹਾਦਰ, ਭਗਤ ਸਿੰਘ, ਊਧਮ ਸਿੰਘ, ਜਿਹੇ ਸਿੱਖ ਨਾਇਕਾਂ ਨੂੰ ਆਪਣੇ ਨਾਟਕ ਦੇ ਵਸਤੂ ਵਜੋਂ ਪੇਸ਼ ਕਰਦਾ ਹੈ। 'ਇੱਕ ਐਤਵਾਰ' ਨਾਟਕ ਵਿੱਚ ਉਹ ਆਮ ਸਾਧਾਰਨ ਜਿੰਦਗੀ ਦੇ ਨਿੱਕੇ-ਨਿੱਕੇ ਝਗੜੇ ਝੇੜਿਆਂ ਨੂੰ ਨਾਟਕੀ ਉਦੇਸ਼ ਵਜੋਂ ਪੇਸ਼ ਕਰਦਾ ਹੈ।

ਪਤਨੀ: ਅੱਛਾ ਜੇ ਉਹ ਮੈਨੂੰ ਆਪ ਬੁਲਾ ਲਵੇ, ਤਾਂ ਕੀ ਮੈਂ ਫੇਰ ਵੀ
ਮੂੰਹ ਘੁੱਟੀ ਰੱਖਾ? ਉਹ ਆਪਣੇ ਆਪ ਮੇਰੇ ਘਰ ਆ ਗਈ
ਸੀ, ਮੈਂ ਉਸਨੂੰ ਬੁਲਾਣ ਤਾਂ ਨਹੀਂ ਸੀ ਗਈ, ਚੰਗਾ ਹੁੰਦਾ ਜੇ
ਆਖ ਦੇਂਦੀ ਕਿ ਚਲੀ ਜਾ ਮੇਰੇ ਘਰੋਂ? ਪਰ ਫੇਰ ਸ੍ਰੀਮਾਨ ਜੀ
ਨੇ ਇਹ ਕਹਿਣਾ ਕਿ ਸਾਊ ਪੁਣੇ ਤੋਂ ਕੇਰੀ ਏਂ (ਛੇ ਘਰ, ਪੰਨਾ. 5)

ਪਲਾਂਟ ਜਾਂ ਕਥਾ ਵਸਤੂ: ਪਲਾਂਟ ਦੇ ਵਿੱਚ ਕਹਾਣੀ ਦੀ ਹੋਂਦ, ਸੈਟਿੰਗ ਆਦਿ। ਇਸਨੂੰ ਇਕੱਲੀ ਕਹਾਣੀ ਸਮਝ ਲੈਣਾ ਸਹੀ ਨਹੀਂ, ਇਹ ਨਿਰੀ ਪੁਰੀ ਕਹਾਣੀ ਨਹੀਂ ਹੁੰਦੀ। ਇਸ ਵਿੱਚ ਬਹੁਤ ਕੁਝ ਹੁੰਦਾ ਹੈ। ਪ੍ਰੋ. ਹਡਮਨ ਅਨੁਸਾਰ, "It should be told in outline and full of movement that its situations should be so well defined

that to mistake their meaning impossible.''

ਭਾਵ ਇਸ ਦੀ ਰੂਪ ਰੇਖਾ ਸਪੱਸ਼ਟ ਹੋਣੀ ਚਾਹੀਦੀ ਹੈ ਅਤੇ ਇਸਦੇ ਅੰਦਰ ਗਤੀ ਦਾ ਹੋਣਾ ਜਰੂਰੀ ਹੈ। ਇਸ ਦੀਆਂ ਸਥਿਤੀਆਂ ਇੰਨੀਆਂ ਸਪੱਸ਼ਟ ਹੋਣੀਆਂ ਚਾਹੀਦੀਆਂ ਹਨ ਕਿ ਉਨ੍ਹਾਂ ਦੇ ਭਾਵਾਂ ਨੂੰ ਸਮਝਣਾ ਅਸੰਭਵ ਨਾ ਹੋਵੇ।

'ਛੇ ਘਰ' ਨਾਟ ਸੰਗ੍ਰਹਿ ਆਮ ਸਾਧਾਰਨ ਜਨ-ਜੀਵਨ ਨਾਲ ਸੰਬੰਧਿਤ ਹਨ ਤੇ ਵਾਰਤਾਲਾਪੀ ਤੇ ਕਾਰਜੀ ਗਤੀਵਿਧੀਆਂ ਰਾਹੀਂ ਨਾਟਕ ਨੂੰ ਗਤੀਸ਼ੀਲ ਰੱਖਦੇ ਹਨ। ਇਸ ਸੰਗ੍ਰਹਿ ਵਿੱਚਲੇ ਨਾਟਕ ਪਲਾਂਟ ਦੀ ਉਪਰੋਕਤ ਪਰਿਭਾਸ਼ਾ 'ਤੇ ਪੂਰੇ ਉਤਰਦੇ ਹਨ। ਜਿਸਦੀ ਉਦਾਹਰਨ 'ਮਹਾਤਮਾ' ਨਾਟਕ ਵਿੱਚ ਦੇਖੀ ਜਾ ਸਕਦੀ ਹੈ।

ਰਾਧਾ: ਠੀਕ ਐ, ਮਹਾਰਾਜ, ਜੋ ਤੁਸੀਂ ਕਹਿਨੇ ਓ ਸੱਤ ਹੈ। ਅਸੀਂ ਥੋੜਾ ਪਰਤਿਆਵਾ ਲੈਣੇ ਕੋਈ?

ਮਹਾਤਮਾ: ਨਹੀਂ, ਹਮ ਦਿਖਾਏ ਦੇਤੇ ਹੈ। ਮੇਰੀ ਬੱਚੀ ਕਾ ਸੰਗ ਨਵਿਰਤ ਕਰਨਾ ਜ਼ਰਰੀ ਹੈ। (ਸ਼ਾਮੋ ਦੇ ਹੱਥੋਂ ਰੋਟੀ ਪਕੜ ਕੇ ਮੁੱਠੀ ਵਿਚ ਨਪੀੜਦਾ ਹੈ, ਖ਼ੂਨ ਦੇ ਦੋ ਤੁਪਕੇ ਜ਼ਮੀਨ ਤੇ ਡਿੱਗਦੇ ਹਨ) ਯੇ ਦੇਖੋ ਬੱਚਾ ਰੁਦਰ ਹੈ ਨਾ।

ਸ਼ਾਮੋ: (ਚੀਕ ਮਾਰ ਕੇ) ਹੈਂ, ਲਹੂ।

**ਚਰਿੱਤਰ ਚਿਤਰਨ:** ਪ੍ਰੋ. ਹਡਸਨ ਅਨੁਸਾਰ, ਪਾਤਰ ਚਿਤਰਨ ਕਿਸੇ ਨਾਟਕ ਦੀ ਮਹਾਨਤਾ ਦਾ ਵਾਸਤਵਿਕ ਤੌਰ 'ਤੇ ਬੁਨਿਆਦੀ ਅਤੇ ਸਥਾਈ ਤੱਤ ਹੁੰਦਾ ਹੈ।

ਨਾਟਕ ਦੇ ਪਾਤਰ ਚਿਤਰਨ ਉਪਰ ਬਹੁਤ ਜ਼ੋਰ ਦਿੱਤਾ ਜਾਂਦਾ ਹੈ ਇਸਦੀ ਮਹੱਤਤਾ ਨੂੰ ਹਰ ਲੇਖਕ ਨੇ ਸਵੀਕਾਰ ਕੀਤਾ ਹੈ। ਨਾਟਕ ਅੰਦਰ ਪ੍ਰਮੁੱਖ ਪਾਤਰ ਨੂੰ 'ਨਾਇਕ'ਜਾਂ 'ਹੀਰੋ' ਕਿਹਾ ਜਾਂਦਾ ਹੈ ਤੇ ਉਹੀ ਕਥਾ ਦਾ ਧੁਰਾ ਹੁੰਦਾ ਹੈ। ਏਸੇ ਤਰ੍ਹਾਂ ਨਾਇਕ ਦਾ ਪ੍ਰਤੀਦਵੰਦੀ ਖਲਨਾਇਕ ਹੁੰਦਾ ਹੈ।

ਸੰਤ ਸਿੰਘ ਸੇਖੋਂ ਨੇ ਆਪਣੇ ਨਾਟ ਸੰਗ੍ਰਹਿ 'ਛੇ ਘਰ' ਵਿਚ ਖ਼ੂਬਸੂਰਤ ਪਾਤਰ ਉਸਾਰੀ ਰਾਹੀਂ ਆਪਣੀ ਨਾਟ ਪ੍ਰਤਿਭਾ ਦਾ ਸਬੂਤ ਦਿੱਤਾ ਹੈ। ਇਹਨਾਂ ਵਿਚਲੇ ਸਾਰੇ ਪਾਤਰ ਆਮ ਸਾਧਾਰਨ ਜਨ-ਜੀਵਨ ਵਿਚੋਂ ਹਨ ਤੇ ਬੁਰਿਆਈ ਤੋਂ ਚੰਗਿਆਈ ਵੱਲ ਦੀ ਯਾਤਰਾ ਕਰਦੇ ਹਨ। 'ਮਹਾਤਮਾ' ਨਾਟਕ ਵਿਚ ਇਸਦੀ ਉਦਾਹਰਨ ਵੇਖੀ ਜਾ ਸਕਦੀ ਹੈ।

ਮਹਾਤਮਾ: ਨਹੀਂ, ਨਹੀਂ ਮਾਤਾ ਡਰੋ ਨਹੀਂ, ਯਹ ਤੋਂ ਨਾਦਾਨ ਬੱਚੀ ਹੈ। ਯਹ ਪਵਿੱਤ੍ਰ ਆਤਮਾ ਹੈ। ਇਸ ਕੋ ਅਭੀ ਪਾਪ ਦਾ ਲੇਸ ਨਹੀਂ ਲਗਾ। ਯਹ ਕਿਆ ਜਾਨੇ ਇਸ ਦੁਨੀਆਂ ਮੇਂ ਅਘੋਂ ਕੋ! ਘੋਰ ਅਤਯਾਚਾਰੋਂ ਕੋ!

ਸ਼ਾਮੋ: (ਘਬਰਾਈ ਹੋਈ ਆਵਾਜ਼ ਵਿੱਚ) ਮੈਨੂੰ ਕੀ ਪਤਾ ਸੀ।

ਮਹਾਤਮਾ: ਇਨ ਗੂੜ, ਬਾਤੋਂ ਕੋ ਤੂੰ ਨਾਦਾਨ ਕਿਆ ਜਾਨੇ, ਬੱਚੀ। (ਸ਼ਾਮੋਂ ਦੇ ਸਿਰ ਉੱਤੇ ਹੱਥ ਰਖ ਕੇ) ਲੇ ਸੰਤੋ ਕਾ ਆਸ਼ੀਰਵਾਦ ਲੇ! (ਛੇ ਘਰ, ਪੰਨਾ ਨੰਬਰ 18)

ਪੁੱਤਰ 'ਨਾਟਕ ਵਿਚਲੀ ਪਾਤਰ ਉਸਾਰੀ ਵੀ ਵੇਖੀ ਜਾ ਸਕਦੀ ਹੈ।

ਨਿਹਾਲ: ਅੱਛਾ ਇਹ ਕੀ ਗੱਲ ਐ, ਫਤਹ ਸਿਆਂ ਪਰ ਸੁਣਿਆ ਤਾਂ ਸੀ ਬਈ ਪਿੱਛੇ ਗਏ ਤੇ ਤੇਰੇ ਤੇ ਕੋਈ ਗਵੜ ਜਿਹਾ ਪੈ ਗਿਆ ਸੀ।

**ਫਤਹ ਸਿੰਘ**: "ਤੈਨੂੰ ਪਤਾ ਹੀ ਨੀ। ਪਰ ਮੈਂ ਜਦ ਹਾੜ੍ਹ 'ਚ ਦੇਸ਼ ਗਿਆ ਸੀ ਨਾ ਉੱਥੇ ਪਿੰਡ ਸਾਡੇ ਪਾਸੇ ਖ਼ੂਨ ਹੋ ਗਿਆ ਸੀ। ਇੱਕ ਸਾਲੀ ਸਾਮੋਂ ਹੈਗੀ। ਖਸਮ ਮਰ ਗਿਆ ਕਈ ਬਰ੍ਹੇ ਹੋਏ, ਮੁੰਡਾ ਕੋਈ ਨੀ, ਕੁੜੀਆਂ ਦੋ ਨਿੱਕੀਆਂ ਨਿੱਕੀਆਂ ਨੇ। ਉਹਨੇ ਚੰਨ ਚਾੜ੍ਹਿਆ ਸੀ।'' (ਛੇ ਘਰ ਪੰਨਾ ਨੰ. 33)

**ਸੰਵਾਦ ਜਾਂ ਵਾਰਤਾਲਾਪ**: ਵਾਰਤਾਲਾਪ ਨਾਟਕ ਵਿੱਚ ਇਕ ਮਹੱਤਵਪੂਰਨ ਥਾਂ ਰੱਖਦੇ ਹਨ। ਨਾਟਕ ਸਟੇਜ 'ਤੇ ਖੇਡ ਕੇ ਵਿਖਾਇਆ ਜਾਂਦਾ ਹੈ। ਇਸਦਾ ਸੰਬੰਧ ਡਾਇਲਾਗ ਜਾਂ ਸੰਵਾਦ ਨਾਲ ਹੁੰਦਾ ਹੈ। ਇਨ੍ਹਾਂ ਵਾਰਤਾਲਾਪ ਨਾਲ ਹੀ ਨਾਟਕ ਦਾ ਪ੍ਰਭਾਵ ਦਰਸ਼ਕਾਂ ਉੱਪਰ ਵਧੇਰੇ ਚੰਗੇ ਢੰਗ ਨਾਲ ਪੈ ਸਕਦਾ ਹੈ। ਇਸ ਕਰਕੇ ਨਾਟਕ ਵਿੱਚ ਨਾਟਕਕਾਰ ਨੂੰ ਵਾਰਤਾਲਾਪ ਵਿੱਚ ਵਧੇਰੇ ਧਿਆਨ ਦੇਣਾ ਚਾਹੀਦਾ ਹੈ ਇਨ੍ਹਾਂ ਨਾਲ ਹੀ ਨਾਟਕ ਅੰਦਰ ਜਾਨ ਪੈਂਦੀ ਹੈ। ਵਾਰਤਾਲਾਪ ਕਿਉਂਕਿ ਨਾਟਕ ਅੰਦਰ ਬਹੁਤ ਮਹੱਤਵ ਵਾਲੀ ਚੀਜ ਹੁੰਦੀ ਹੈ। ਇਸ ਲਈ ਨਾਟਕਕਾਰ ਨੂੰ ਵਾਰਤਾਲਾਪ ਸਿਰਜਦੇ ਹੋਏ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਵਾਰਤਾਲਾਪ ਸਰਲ ਤੇ ਆਸਾਨ ਹੋਣੇ ਚਾਹੀਦੇ ਹਨ ਤਾਂ ਜੋ ਆਸਾਨੀ ਨਾਲ ਇਹ ਹਰ ਇੱਕ ਦੀ ਸਮਝ ਆ ਸਕਣ, ਇਸ ਨਾਲ ਦਰਸ਼ਕ ਨਾਟਕ ਨੂੰ ਦਿਲਚਸਪੀ ਨਾਲ ਦੇਖ ਸਕਦੇ ਹਨ। ਵਾਰਤਾਲਾਪ ਗੰਭੀਰ ਮੌਕੇ ਸਮੇਂ ਗੰਭੀਰ ਹੋਣੀ ਚਾਹੀਦੀ ਹੈ ਤੇ ਸਰਲ ਮੌਕੇ ਸਮੇਂ ਸਰਲ। ਇਹ ਪਾਤਰ ਅਨੁਕੂਲ ਹੋਣੀ ਚਾਹੀਦੀ ਹੈ।

ਸੰਤ ਸਿੰਘ ਸੇਖੋ ਦੇ ਨਾਟ ਸੰਗ੍ਰਹਿ 'ਛੇ ਘਰ' ਵਿਚਲੇ ਨਾਟਕਾਂ ਦੀ ਵਾਰਤਾਲਾਪ ਬਹੁਤ ਸਾਧਾਰਨ, ਸਰਲ ਤੇ ਆਮ ਮਨੁੱਖ ਦੇ ਸਮਝ ਪੈਣ ਵਾਲੀ ਹੈ। ਸੇਖੋਂ ਦੇ ਨਾਟ ਸੰਗ੍ਰਹਿ ਵਿੱਚ ਨਾਟਕਾਂ ਦੀ ਵਾਰਤਾਲਾਪ ਗੁੰਝਲਦਾਰ ਜਾਂ ਕਠਿਨ ਨਹੀਂ ਜਿਹੜੀ ਪਾਠਕ ਦੇ ਸਮਝ ਨਾ ਪਵੇ। ਇਹ ਪਾਠਕ ਨੂੰ ਪ੍ਰਭਾਵਿਤ ਕਰਨ ਵਾਲੀ ਹੈ।

ਉਦਾਹਰਣ ਦੇ ਤੌਰ ਤੇ : ਸ਼ਾਮੋ ( ਮਹਾਤਮਾ ਦੇ ਸ਼ਬਦਾਂ ਦਾ ਅਲੰਕਾਰ ਨਾ ਸਮਝਦੀ ਹੋਈ) ਕੀ ਆਖਿਆ, ਲਹੂ ਐ ਏਸ

ਰੋਟੀ 'ਚ? ਮੈਨੂੰ ਤਾਂ ਕਿਤੇ ਦਿਸਦਾ ਨੀਂ (ਰੋਟੀ ਨੂੰ ਜਾਣੋ ਬੜੇ ਗੌਰ ਨਾਲ ਪੜਤਾਲਦੀ ਹੈ) ਚੰਗੀ ਭਲੀ ਐ। ਕੀ ਲਗਾ ਏ ਏਸ ਰੋਟੀ ਨੂੰ?

ਰਾਧਾ: (ਜਿਹੜੀ ਆਪਣੇ ਚਰਖੇ ਤੋਂ ਉਠ ਕੇ ਹੁਣ ਤੱਕ ਹੈਰਾਨ ਖੜੀ ਰਹੀ ਹੈ।)

ਠੀਕ ਐ, ਮਹਾਰਾਜ, ਗਵਾਂਢੀ ਸ਼ਾਹੂਕਾਰਾ ਦੇ ਘਰ ਦਾ ਅੰਨ ਐ ਸ਼ੁਧ ਨਹੀਂ ਹੋਊ।

ਸ਼ਾਮੋ: ਸ਼ਾਹੂਕਾਰ ਦੇ ਘਰ ਦੀ ਰੋਟੀ ਭਲਾ ਕਿਵੇਂ ਬੁਰੀ ਹੋਈ? ਉਹਨਾਂ ਦਾ ਘਰ ਸਾਫ਼ ਸੁਥਰਾ, ਉਹਨਾਂ ਦੇ ਕੱਪੜੇ ਚਿੱਟੇ, ਸਾਡੇ ਮੈਲੇ ਤੇ ਫੇਰ ਏਸ ਰੋਟੀ ਨੂੰ ਲੱਗਿਆ ਕੀ ਐ?

ਇੱਕ ਐਤਵਾਰ, ' ਨਾਟ ਸੰਗ੍ਰਹਿ ਦੀਆਂ ਉਦਾਹਰਨਾਂ ਦੇਖੀਆਂ ਜਾ ਸਕਦੀਆਂ ਹਨ:

ਪਤਨੀ: ਨਹੀਂ ਤੁਸੀਂ ਸਬਕ ਵਾਕਰ ਪੜ੍ਹਾ ਦਿਆ ਕਰੋ।

ਵਕੀਲ ਸਾਹਿਬ: ਚੰਗਾ ਏਸੇ ਤਰ੍ਹਾਂ ਸਹੀ। ਲਿਆਓ ਉਹ ਕਿਤਾਬ ਜੋ ਮੈਂ ਤੁਹਾਨੂੰ ਕੱਲ ਪੜ੍ਹਨ ਲਈ ਦਿੱਤੀ ਸੀ।

ਪਤਨੀ: ਉਹ ਨਾਵਲ?

ਵਕੀਲ ਸਾਹਬ: ਹਾਂ ਓਹੋ ਈ।

ਪਤਨੀ: ਉਹ ਤਾਂ ਰਤਾ ਵੀ ਸਵਾਦਲਾ ਨਹੀਂ। (ਛੇ ਘਰ, ਪੰਨਾ. ਨੰ. 47)

ਦੇਸ਼ ਕਾਲ ਜਾਂ ਵਾਤਾਵਰਨ:

ਕਿਸੇ ਵੀ ਨਾਟਕ ਦਾ ਵਾਤਾਵਰਨ ਉਸਦੇ ਨਾਟ ਸਿਰਜਣਾ 'ਤੇ ਆਧਾਰਿਤ ਹੁੰਦਾ ਹੈ। ਨਾਟਕਕਾਰ ਇਸ ਲਈ ਕਈ ਤਰ੍ਹਾਂ ਦੇ ਸਾਧਨਾਂ ਦੀ ਵਰਤੋਂ ਕਰਦਾ ਹੈ। ਉਹ ਉੱਚਿਤ ਵਾਤਾਵਰਨ ਪਾਤਰਾਂ ਦੇ ਪਹਿਰਾਵੇ ਰਾਹੀਂ,ਪਾਤਰਾ ਦੀ ਭਾਸ਼ਾ ਰਾਹੀਂ ਅਤੇ ਤੱਤਕਾਲੀਨ ਅਵਸਥਾ ਦੇ ਚਿਤਰਨ ਦੁਆਰਾ ਤਿਆਰ ਕਰਦਾ ਹੈ। ਨਾਟਕ ਨੂੰ ਰੰਗਮੰਚ ਉੱਤੇ ਪੇਸ਼ ਕਰਨ ਲਈ ਨਾਟਕਕਾਰ ਵਾਤਾਵਰਨ ਦਾ ਵਿਸ਼ੇਸ਼ ਖਿਆਲ ਰੱਖਦਾ ਹੈ। ਇਸ ਵਿੱਚ ਨਾਟਕਕਾਰ ਖਿੱਤੇ ਦੇ ਮੁਤਾਬਕ ਭਾਸ਼ਾ ਦੀ ਵਰਤੋਂ ਕਰਦਾ ਹੈ ਅਤੇ ਖਿੱਤੇ ਦੇ ਮੁਤਾਬਕ ਹੀ ਪਹਿਰਾਵੇ ਦੀ ਲੋੜ ਨੂੰ ਪੂਰਾ ਕਰਦਾ ਹੈ ਤਾਂ ਜੋ ਨਾਟਕ ਪੂਰਨ ਤੌਰ ਤੇ ਸਥਿਤੀ ਤੇ ਸਮੇਂ ਮੁਤਾਬਕ ਢੁੱਕਵਾਂ ਰਹੇ। ਵਾਤਾਵਰਨ ਦੀ ਸਹੀ ਚੋਣ ਤੋਂ ਬਿਨ੍ਹਾਂ ਨਾਟਕ ਸਟੇਜ ਤੇ ਆਪਣਾ ਪ੍ਰਤੱਖ ਤੇ ਪੂਰਨ ਪ੍ਰਭਾਵ ਨਹੀਂ ਪਾ ਸਕਦਾ।

'ਬਾਬਾ ਬੋਹੜ' ਨਾਟਕ ਵਿੱਚ ਸਥਿਤੀਆਂ ਦੀ ਪੇਸ਼ਕਾਰੀ ਲਈ ਲੇਖਕ ਨੇ ਬਹੁਤੀ ਥਾਂ ਤੇ ਦੇਸ਼ ਨਾਲ ਜਾਂ

ਵਾਤਾਵਰਣ ਉਸਾਰੀ ਹਿੱਤ ਕੁਦਰਤੀ ਨਜ਼ਾਰਿਆ, ਮੌਸਮਾ ਦੀ ਪੇਸ਼ਕਾਰੀ ਕੀਤੀ ਹੈ। ਇਸ ਲਈ ਸੇਖੋ ਨੇ ਇਤਿਹਾਸਕ ਥਾਵਾਂ ਦਾ ਸਿੱਧਾ ਜ਼ਿਕਰ ਵੀ ਕੀਤਾ ਹੈ।

ਬਾਬਾ ਬੋਹੜ: ਮੈਨੂੰ ਤਾਂ ਇਹ ਪਤਾ ਹੈ, ਸੁਣ ਬੀਬਾ ਰਾਣਾ-

ਮਾਰਿਆ ਉਸ ਜਦ ਆਣ ਕੇ ਸੀ ਲੁਣੇਹਾਣਾ,

ਕੀਤਾ ਸੀ ਦੋ ਤਿੰਨ ਦਿਨ ਉਸ ਸ਼ਹਰ ਠਿਕਾਣਾ

ਚੜਿਆ ਸੁਬਹ ਸ਼ਿਕਾਰ ਨੂੰ ਸੰਗ ਕੁਝ ਜਵਾਨਾਂ

ਦਾਖੇ ਈਸੇਵਾਲ ਦਾ ਜੋ ਢੱਕ ਪੁਰਾਣਾ

ਉਥੋ ਤਾਈ ਲੈ ਗਿਆ ਇਕ ਹੋਰ ਸਿਆਣਾ। (ਛੇ ਘਰ, ਪੰਨਾ. 109)

ਸ਼ੈਲੀ: ਕਿਸੇ ਵੀ ਰਚਨਾ ਦੀ ਵਸਤੂ ਦੀ ਪੇਸ਼ਕਾਰੀ ਦੇ ਢੰਗ ਨੂੰ ਸ਼ੈਲੀ ਕਿਹਾ ਜਾਂਦਾ ਹੈ। ਨਾਟਕ ਵਿੱਚ ਵਾਰਤਾਲਾਪ ਦਾ ਸਰੂਪ ਨਾਟਕ ਦੀ ਭਾਸ਼ਾ ਅਤੇ ਸ਼ੈਲੀ ਉੱਤੇ ਨਿਰਭਰ ਕਰਦਾ ਹੈ। ਡਾ. ਜੱਗੀ ਦੇ ਸ਼ਬਦਾ ਅਨੁਸਾਰ ਨਾਟਕ ਦੀ ਸ਼ੈਲੀ ਬੜੀ ਰੋਚਕ ਅਤੇ ਸੁਭਾਵਿਕ ਹੋਣੀ ਚਾਹੀਦੀ ਹੈ ਤਾਂ ਜੋ ਉਹ ਸਰੋਤਿਆਂ ਦੇ ਕੰਨਾਂ, ਅੱਖਾਂ ਅਤੇ ਹਿਰਦੇ ਨੂੰ ਆਪਣੇ ਵੱਲ ਖਿੱਚ ਸਕੇ, ਕੀਲ ਸਕੇ। ਲੋੜ ਮੁਤਾਬਕ ਵਾਕ ਲੰਬੇ ਤੇ ਸੰਖੇਪ, ਉਚਿੱਤ ਥਾਂ ਤੇ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਆਦਿ ਚੰਗੀ ਸ਼ੈਲੀ ਦੇ ਗੁਣ ਹਨ।

ਸਹੀ ਵਾਤਾਵਰਨ ਦੀ ਸਿਰਜਣਾ ਵਿੱਚ ਸ਼ੈਲੀ ਦਾ ਅਹਿਮ ਰੋਲ ਹੁੰਦਾ ਹੈ ਲੋੜ ਮੁਤਾਬਕ ਗੀਤਾਂ ਦੀ ਵਰਤੋਂ, ਨਾਚ ਆਦਿ ਦੇ ਦ੍ਰਿਸ਼ ਪੇਸ਼ ਕਰਨਾ ਚੰਗੀ ਸ਼ੈਲੀ ਨੂੰ ਉਘਾੜਨ ਦਾ ਕੰਮ ਕਰਦੇ ਹਨ।

'ਛੇ ਘਰ' ਨਾਟਕ ਸੰਗ੍ਰਹਿ ਵਿਚਲੇ ਨਾਟਕਾਂ ਦੀ ਸ਼ੈਲੀ ਰੋਚਕ ਤੇ ਸੁਭਾਵਿਕ ਹੈ। ਨਿੱਕੇ-ਨਿੱਕੇ ਵਾਕਾਂ ਰਾਹੀਂ ਲੇਖਕ ਨਾਟਕ ਦੇ ਨਾਟ ਵਸਤੂ ਨੂੰ ਪਾਠਕਾਂ ਦੇ ਸਨਮੁੱਖ ਪੇਸ਼ ਕਰਦਾ ਹੈ:

ਫਤਿਹ ਸਿੰਘ: ਭਲਕੇ ਡੁੰਗੀ ਜਾਊ ਮੱਕੀ ਸਾਰੀ।

ਨਿਹਾਲ: ਹਾਂ, ਭਲਕ ਦਾ ਸਾਰਾ ਦਿਨ ਲੱਗੂ।

ਫਤਿਹ ਸਿੰਘ: (ਆਪਣੇ ਪਾਸਿਓ ਕੁਝ ਥੱਬੇ ਚੁੱਕ ਕੇ), ਲੈ ਯਾਰ, ਆਹ ਦੋਧੇ ਭੁੰਨੇ। ਭੁੱਖ ਲੱਗ ਆਈ ਜਾਣੀ।

ਨਿਹਾਲ: ਆਹ ਟਾਂਡੇ ਡੁੰਗ ਕੇ ਭੁੰਨਾਂਗੇ।

(ਛੇ ਘਰ' ਪੁੱਤਰ ਪੰਨਾ. 41)

ਹਰੇਕ ਲੇਖਕ ਦਾ ਲਿਖਣ ਢੰਗ ਆਪਣਾ-ਆਪਣਾ ਹੁੰਦਾ ਹੈ। ਇਹੀ ਉਸ ਲੇਖਕ ਦੀ ਸ਼ੈਲੀ ਦਾ ਸਾਧਨ ਜਾਂ ਸਿਰਜਣ ਸ਼ੈਲੀ ਹੁੰਦੀ ਹੈ ਜੋ ਉਸਨੂੰ ਦੁਸਰਿਆਂ ਤੋਂ ਅਲੱਗ ਕਰਦੀ ਹੈ। 'ਛੇ ਘਰ' ਨਾਟ ਸੰਗ੍ਰਹਿ ਵਿੱਚ ਲੇਖਕ ਨੇ 'ਬਾਬਾ ਬੋਹੜ' ਨਾਟ ਵਿੱਚ ਕਾਵਿ ਨਾਟ ਸ਼ੈਲੀ ਦੀ ਵਰਤੋਂ ਕੀਤੀ ਹੈ। ਇਸ ਵਿੱਚ ਨਾਟਕਕਾਰ ਨੇ ਸਮੁੱਚੇ ਥੀਮ ਨੂੰ ਕਾਵਿ ਟੁਕੜੀਆਂ ਰਾਹੀਂ ਪੇਸ਼ ਕੀਤਾ ਹੈ।

ਰੰਗ ਮੰਚ: ਨਾਟਕ ਕੇਵਲ ਪੜਨ ਵਾਲੀ ਹੀ ਨਹੀਂ ਸਗੋਂ ਸਟੇਜ ਉੱਪਰ ਖੇਡੀ ਜਾਣ ਵਾਲੀ ਚੀਜ਼ ਹੁੰਦੀ ਹੈ।

ਸਾਰਸੇ ਅਨੁਸਾਰ, A play without an audience and actors to interpret is inconceivable.

ਭਾਵ ਬਿਨ੍ਹਾਂ ਦਰਸ਼ਕਾਂ ਅਤੇ ਐਕਟਰਾਂ ਦੇ, ਜੋ ਨਾਟਕ ਦੀ ਵਿਆਖਿਆ ਕਰਨ, ਕੋਈ ਨਾਟਕ ਨਹੀਂ ਹੋ ਸਕਦਾ।

ਇਸ ਨਾਟ ਸੰਗ੍ਰਹਿ ਨੂੰ ਰੰਗਮੰਚੀ ਦ੍ਰਿਸ਼ਟੀ ਤੋਂ ਦੇਖਿਆ ਮਹਿਸੂਸ ਹੁੰਦਾ ਹੈ ਕਿ ਇਸ ਸੰਗ੍ਰਹਿ ਵਿਚਲੇ ਸਾਰੇ ਨਾਟਕ ਰੰਗਮੰਚ ਦੀ ਦ੍ਰਿਸ਼ਟੀ ਤੋਂ ਸਫਲ ਹਨ। ਇਨ੍ਹਾਂ ਨਾਟਕਾਂ ਵਿੱਚਲੀ ਵਾਰਤਾਲਾਪ ਤੇ ਕਾਰਜ ਰੰਗਮੰਚੀ ਸਿਰਜਣਾ ਦੀ ਦ੍ਰਿਸ਼ਟੀ ਤੋਂ ਅਹਿਮ ਹੈ।

ਸੇਖੋ ਆਪਣੇ ਇਸ ਨਾਟ ਸੰਗ੍ਰਹਿ ਵਿੱਚ ਥਾਂ ਪੁਰ-ਥਾਂ ਢੁਕਵੇਂ ਦਿਸ਼ਾ-ਨਿਰਦੇਸ਼ ਦਿੰਦਾ ਹੈ।

ਬਾਬਾ ਬੋਹੜ-ਪਰਦੇ ਪਿੱਛੇ ਇੱਕ ਆਦਮੀ

ਚਾਰ ਮੁੰਡੇ- ਉਮਰ ਚੌਦਾਂ-ਪੰਦਰਾਂ ਸਾਲ ( ਬਾਬਾ ਬੋਹੜ)

ਮਾਨ ਸਿੰਘ- ਗੰਗਾ ਪੁਰ ਦਾ ਮਹਾਰਾਜ (ਭਾਵੀ)

## ਅਭਿਆਸ ਲਈ ਪ੍ਰਸ਼ਨ

1. ਸੰਤ ਸਿੰਘ ਸੇਖੋਂ ਦੇ ਜੀਵਨ ਅਤੇ ਸਖ਼ਸ਼ੀਅਤ ਬਾਰੇ ਜਾਣਕਾਰੀ ਦਿਓ?
2. ਸੰਤ ਸਿੰਘ ਸੇਖੋਂ ਦੀ ਪੰਜਾਬੀ ਸਾਹਿਤ ਨੂੰ ਦੇਣ ਅਤੇ ਉਸਦੇ ਨਾਟਕਾਂ ਦੇ ਵਿਸ਼ੇ ਬਾਰੇ ਸੰਖੇਪ ਚਰਚਾ ਕਰੋ।
3. ‘ਛੇ ਘਰ’ ਇਕਾਂਗੀ ਸੰਗ੍ਰਹਿ ਦਾ ਵਿਸ਼ੇਗਤ ਅਧਿਐਨ ਕਰੋ।
4. ‘ਛੇ ਘਰ’ ਇਕਾਂਗੀ ਸੰਗ੍ਰਹਿ ਦੀ ਕੇਂਦਰੀ ਸਮੱਸਿਆ ’ਤੇ ਵਿਚਾਰ ਕਰੋ।
5. ‘ਛੇ ਘਰ’ ਇਕਾਂਗੀ ਸੰਗ੍ਰਹਿ ਦੇ ਵਿਸ਼ੇ ਦੀ ਸਾਰਥਿਕਤਾ ਨੂੰ ਬਿਆਨ ਕਰੋ।

6. ਸੰਤ ਸਿੰਘ ਸੇਖੋਂ ਦੇ ਨਾਟਕ ਵਿੱਚ ਕਲਾਤਮਿਕਤਾ ਬਾਰੇ ਚਰਚਾ ਕਰੋ।

7. ਸੰਤ ਸਿੰਘ ਸੇਖੋਂ ਦੀ ਕਲਾਤਮਕਤਾ ਦੀ ਵਿਧੀ ਸੰਬੰਧੀ ਚਰਚਾ ਕਰੋ।

**ਭਾਗ - ਅ**

1.1 ਪਾਠ ਪਹਿਲਾ : ਅਜਮੇਰ ਔਲਖ : ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ

1.1.1 ਭੂਮਿਕਾ

1.1.2 ਪਾਠ ਦਾ ਮਹੱਤਵ

1.1.3 ਅਜਮੇਰ ਔਲਖ : ਜੀਵਨ, ਰਚਨਾ ਅਤੇ ਦੇਣ

1.1.4 ਅਜਮੇਰ ਔਲਖ : ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ – ਵਿਚਾਰਧਾਰਾਈ ਅਧਿਐਨ/ਵਿਸ਼ਾ ਪੱਖ

1.1.4.1 ਨਿਮਨ ਕਿਸਾਨੀ ਦੀ ਸਮੱਸਿਆਵਾਂ

1.1.4.2 ਆਰਥਿਕਤਾ ਅਤੇ ਜਾਤ–ਪਾਤ

1.1.4.3 ਪੁਲਿਸ ਅਤੇ ਸੁਰੱਖਿਆ ਸੇਵਾ ਬਲਾਂ ਦਾ ਨਿਰਦੋਸ਼ਾਂ ਉੱਪਰ ਤਸ਼ੱਦਦ

1.1.4.4 ਭਰੂਣ ਹੱਤਿਆ ਅਤੇ ਨਾਰੀ ਚੇਤਨਾ

1.1.5 ਅਜਮੇਰ ਔਲਖ : ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ – ਅਧਿਐਨ ਦ੍ਰਿਸ਼ਟੀ ਨਾਰੀ ਚੇਤਨਾ

1.1.5.1 ਨਾਰੀ ਚੇਤਨਾ ਅਤੇ ਨਵੀਂ ਪੀੜ੍ਹੀ

1.1.5.2 ਇਕ ਤਰਫ਼ਾ ਕਾਨੂੰਨ ਦਾ ਵਿਰੋਧ

1.1.5.3 ਪੁੱਤ ਬਦਲੇ ਧੀ ਦੀ ਬਲੀ ਪ੍ਰਦਾਨ ਨਾ ਕਰਨਾ

1.1.5.4 ਵਰ ਦੀ ਚੋਣ ਲਈ ਹੱਕਾਂ ਪ੍ਰਤੀ ਜਾਗਰੂਕ

1.1.5.5 ਆਪਣੇ ਹੱਕ ਲਈ ਲੜਦੀ

1.1.5.6 ਆਪਣੀ ਇੱਜਤ ਦੀ ਖੁਦ ਰਖਵਾਲੀ

1.1.6 ਅਭਿਆਸ ਲਈ ਪ੍ਰਸ਼ਨ

1.1.7 ਪੜ੍ਹਨ ਲਈ ਸਹਾਇਕ ਪੁਸਤਕਾਂ

## ਭੂਮਿਕਾ

ਅਜਮੇਰ ਔਲਖ ਪੰਜਾਬੀ ਦਾ ਨਾਟਕਕਾਰ ਹੈ ਜਿਸਨੇ ਪੇਂਡੂ ਜੀਵਨ ਦੀ ਯਥਾਰਥਕਤਾ ਨੂੰ ਆਪਣੇ ਨਾਟਕਾਂ ਰਾਹੀਂ ਪੇਸ਼ ਕੀਤਾ ਹੈ। ਔਲਖ ਬਚਪਨ ਤੋਂ ਹੀ ਆਪਣੇ ਸਾਥੀਆਂ ਨਾਲ ਗਤੀਵਿਧੀਆਂ ਵਿੱਚ ਹਿਸਾ ਲੈਂਦਾ ਸੀ। ਪਿੰਡ ਵਿੱਚ ਟੋਲੀਆਂ ਬਣਾ ਕੇ ਵਿਸਵੇਦਾਰੀ ਵਿਰੁੱਧ ਨਾਹਰੇ ਲਾਉਂਦਾ। ਬਚਪਨ ਵਿਚ ਭੋਗੇ ਵਿਸਵੇਦਾਰੀ ਦੇ ਅਣ ਮਨੁੱਖੀ ਦਮਨ ਨੇ ਉਸਦੇ ਬਾਲ ਮਨ ਉੱਤੇ ਐਸੀਆਂ ਗਹਿਰੀਆਂ ਝਰੀਟਾਂ ਪਾਈਆਂ ਸਮੇਂ ਦੇ ਗੇੜ ਨਾਲ ਵਿਸਵੇਦਾਰੀ ਤਾਂ ਖ਼ਤਮ ਹੋ ਗਈ, ਪਰ ਔਲਖ ਦੇ ਮਨ ਵਿਚਲੀ ਚੀਸ ਮੱਠੀ ਨਾ ਪਈ। ਬਚਪਨ ਵਿੱਚ ਝੱਲੀਆਂ ਬੇਇਨਸਾਫ਼ੀਆਂ ਹੀ ਉਸਨੂੰ ਕਦੇ ਕਵਿਤਾ, ਗੀਤ, ਨਾਵਲ ਤੇ ਨਾਟਕ ਲਿਖਣ ਵੱਲ ਪ੍ਰੇਰਿਤ ਕਰਦੀਆਂ ਰਹੀਆਂ। ਉਸਨੇ ਇੱਕ ਨਾਵਲ 'ਬਿਸਵੇਦਾਰੀ' ਵੀ ਲਿਖਿਆ ਜਿਸ ਵਿੱਚ ਮੁਜ਼ਾਰਿਆਂ ਦੀ ਤ੍ਰਾਸਦੀ ਦਾ ਜ਼ਿਕਰ ਸੀ ਪਰ ਇਹ ਨਾਵਲ ਆਰਥਿਕ ਤੰਗੀਆਂ ਤੇ ਹੋਰਨਾਂ ਕਾਰਨਾਂ ਕਰਕੇ ਛਪ ਨਾ ਸਕਿਆ। ਨਕਸਬਾੜੀ ਲਹਿਰ ਦੇ ਉਭਾਰ ਸਮੇਂ ਉਸਨੇ ਲੋਕ ਰੰਗ ਸ਼ੈਲੀ ਵਿੱਚ ਕਵਿਤਾਵਾਂ ਲਿਖੀਆਂ ਅਤੇ ਫੇਰ ਕੁਝ ਕਹਾਣੀਆਂ ਵੀ ਲਿਖੀਆਂ ਅਤੇ ਹੌਲੀ–ਹੌਲੀ ਉਹ ਨਾਟਕਾਂ ਵੱਲ ਮੁੜਿਆ।

ਅਜਮੇਰ ਔਲਖ ਪੰਜਾਬ ਦੇ ਪੇਂਡੂ ਥੀਏਟਰ ਨੂੰ ਸਮਰਪਿਤ ਰੰਗ–ਕਰਮੀ ਅਤੇ ਨਾਮਵਰ ਨਾਟਕਕਾਰ ਹੈ। ਉਸਦੇ ਪੰਜ ਲਘੂ ਨਾਟ ਸੰਗ੍ਰਹਿ ਅਤੇ ਛੇ ਪੂਰੇ ਨਾਟਕ ਪ੍ਰਕਾਸ਼ਿਤ ਹੋਏ। ਚਾਰ ਲਘੂ ਨਾਟ ਸੰਗ੍ਰਹਿ ਵਿੱਚ ਉਸਦੇ ਕੁੱਲ ਸੋਲ੍ਹਾਂ ਲਘੂ ਨਾਟਕ ਹਨ। ਪੰਜਵਾਂ ਲਘੂ–ਨਾਟ ਸੰਗ੍ਰਹਿ 'ਮੇਰੇ ਚੋਣਵੇਂ ਇਕਾਂਗੀ' ਹਨ। ਉਸਦੇ ਲਘੂ ਨਾਟਕਾਂ ਵਿੱਚ ਦੋ ਕਾਵਿ–ਨਾਟ– 'ਬਾਲ ਨਾਥ ਦੇ ਟਿੱਲੇ 'ਤੇ ਅਤੇ ਮਿਰਜ਼ੇ ਦੀ ਮੌਤ।'

**ਉਸਦੇ ਪ੍ਰਕਾਸ਼ਿਤ ਲਘੂ ਨਾਟ ਸੰਗ੍ਰਹਿ:-** ਅਰਬਦ ਨਰਬਦ ਧੁੰਦੂਕਾਰਾ, ਬਗ਼ਾਨੇ ਬੋਹੜ ਦੀ ਛਾਂ, ਅੰਨ੍ਹੇ ਨਿਸ਼ਾਨਚੀ ਅਤੇ ਗਾਨੀ ਲਘੂ ਨਾਟਕ ਹਨ। ਔਲਖੇ ਦੇ ਪੂਰੇ ਛੇ ਨਾਟਕ ਸੱਤ ਬਗ਼ਾਨੇ, ਭੱਜੀਆਂ ਬਾਹਾਂ, ਕਿਹਰ ਸਿੰਘ ਦੀ ਮੌਤ, ਸਲਵਾਨ, ਇੱਕ ਸੀ ਦਰਿਆ, ਝਨਾਂ ਦੇ ਪਾਣੀ ਉਸਦੇ ਪੂਰੇ ਨਾਟਕ ਹਨ। ਅਜਮੇਰ ਔਲਖ ਪੰਜਾਬੀ ਨਾਟਕ ਉਹ ਹਸਤਾਖ਼ਰ ਹੈ ਜੋ ਸਾਰੀ ਉਮਰ ਪੰਜਾਬੀ ਰੰਗਮੰਚ ਦੀ ਸੇਵਾ ਵਿਚ ਜੁੜਿਆ ਰਿਹਾ। ਉਸਨੇ ਪੰਜਾਬੀ ਸਾਹਿਤ ਨੂੰ ਆਪਣੇ ਜੀਵਨ ਦਾ ਧੁਰਾ ਮੰਨਿਆ ਸੀ।

**ਪਾਠ ਦਾ ਮੰਤਵ:-** ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਅਜਮੇਰ ਸਿੰਘ ਔਲਖ ਬਾਰੇ ਪੜ੍ਹਨ ਤੇ ਸਮਾਉਣ ਦੇ ਸਮਰੱਥ ਬਣਾਉਣਾ ਹੈ। ਨਾਟਕੀ ਸਾਹਿਤ ਵਿੱਚ ਅਜਮੇਰ ਔਲਖ ਰਾਹੀਂ ਜਿੱਥੇ ਨਾਟਕੀ ਗੱਲਾਂ ਉਜਾਗਰ

ਕੀਤੀਆਂ ਗਈਆਂ ਹਨ। ਉੱਥੇ ਨਾਲੋਂ–ਨਾਲ ਸਮਾਜ ਦੇ ਵੱਡੇ ਵਰਤਾਰਿਆਂ ਨੂੰ ਇੱਕ ਖ਼ਾਸ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ। ਅਜਮੇਰ ਔਲਖ ਦੇ ਇਕਾਂਗੀ 'ਇਸ਼ਕ ਬਾਜ ਨਮਾਜ ਦਾ  ਹੱਜ ਨਾਹੀਂ' ਰਾਹੀਂ ਵੱਖ–ਵੱਖ ਪਰਤਾਂ ਨੂੰ ਖੋਲ੍ਹਣਾ ਸਮਝਣਾ ਤੇ ਸਮਝਾਉਣਾ ਇਹ ਪਾਠ ਦਾ ਮੰਤਵ ਹੈ।

**ਅਜਮੇਰ ਔਲਖ ਦਾ ਜੀਵਨ, ਰਚਨਾ ਤੇ ਦੇਣ :**

ਅਜਮੇਰ ਸਿੰਘ ਔਲਖ ਅਜਿਹਾ ਨਾਟਕਕਾਰ ਹੈ ਜੋ ਪੰਜਾਬ ਦੇ ਕਿਰਸਾਨੀ ਜੀਵਨ ਦੀਆਂ ਸਮੱਸਿਆਵਾਂ, ਚੁਣੌਤੀਆਂ ਤੇ ਅਲਾਮਤਾਂ ਨੇ ਪ੍ਰਗਤੀਵਾਦੀ ਵਿਚਾਰਧਾਰਾ ਦੇ ਅੰਦਾਜ਼ ਵਿੱਚ ਆਪਣੇ ਨਾਟਕਾਂ ਰਾਹੀਂ ਪੇਸ਼ ਕਰਦਾ ਹੈ। ਉਹ ਰੰਗਮੰਚ ਦਾ ਬਾਦਸ਼ਾਹ ਹੈ ਉਸਨੇ ਆਪਣੀ ਜ਼ਿੰਦਗੀ ਸਾਹਿਤ ਦੇ ਖੇਤਰ ਵਿੱਚ ਵਿਚਰਦੇ ਦੇ ਲੋਕਾਂ ਨੂੰ ਸਮਰਪਿਤ ਕੀਤੀ ਹੈ।

ਔਲਖ ਦਾ ਜਨਮ 19 ਅਗਸਤ 1942 ਨੂੰ ਮਾਤਾ ਹਰਨਾਮ ਕੌਰ ਦੀ ਕੁਖੋਂ ਪਿਤਾ ਸ. ਕੌਰ ਸਿੰਘ ਦੇ ਘਰ ਪਿੰਡ ਕੁੰਭੜਵਾਲ ਜ਼ਿਲ੍ਹਾ ਮਾਨਸਾ ਵਿਖੇ ਹੋਇਆ। ਔਲਖ ਨੇ ਮੁੱਢਲੀ ਵਿੱਦਿਆ ਪਿੰਡ ਵਿੱਚ ਹੀ ਪ੍ਰਾਪਤ ਕੀਤੀ ਫੇਰ ਉਹ ਭੀਖੀ ਦੇ ਹਾਈ ਸਕੂਲ ਵਿੱਚ ਦਾਖਲ ਹੋਏ। 1958 ਵਿੱਚ ਨੈਸ਼ਨਲ ਸਰਕਾਰੀ ਹਾਈ ਸਕੁਲ ਭੀਖੀ ਤੋਂ ਮੈਟ੍ਰਿਕ ਦੀ ਪ੍ਰੀਖਿਆ ਪਾਸ ਕੀਤੀ। ਔਲਖ ਬਚਪਨ ਤੋਂ ਹੀ ਆਪਣੇ ਬਚਪਨ ਦੇ ਸਾਥੀਆਂ ਨਾਲ ਗਤੀਵਿਧੀਆਂ ਵਿੱਚ ਹਿੱਸਾ ਲੈਂਦੇ ਰਹੇ। ਉਹ ਅਪਣੀ ਪੱਤੀ ਦਾ ਮੋਹਰੀ ਸੀ ਜਿਸ ਤੋਂ ਪਿੰਡ ਦੇ ਜਗੀਰਦਾਰਾਂ ਨੂੰ ਕਾਫ਼ੀ ਨਰਾਜਗੀ ਵੀ ਹੋਈ। ਔਲਖ ਅਤੇ ਉਸਦੇ ਹੋਰ ਸਾਥੀ ਪਿੰਡ ਵਿੱਚ ਛੋਟੀਆਂਛੋਟੀਆਂ ਟੋਲੀਆਂ ਬਣਾ ਕੇ ਸਰਮਾਏਦਾਰੀ ਵਿਰੁੱਧ ਨਾਹਰੇ ਲਾਉਂਦੇ। ਔਲਖ - ਮੋਢੀ ਹੁੰਦਾ। ਬਚਪਨ ਵਿੱਚ ਹੀ ਉਸਦੇ ਮਨ ਵਿੱਚ ਵੱਡਾ ਹੋ ਕੇ ਇੱਕ ਕ੍ਰਾਂਤੀਕਾਰੀ ਲੀਡਰ ਬਣਨ ਦਾ ਇਨ੍ਹਾਂ ਟੋਲੀਆਂ ਦਾ ਹੌਸਲਾ ਸੀ। ਇਨ੍ਹਾਂ ਸਰਗਰਮੀਆਂ ਕਰਕੇ ਹੀ ਔਲਖ ਉਮਰ ਦੇ ਚੌਥੇ ਦਹਾਕੇ ਵਿੱਚ ਨਾਟਕਕ ਾਰ ਵਜੋਂ ਵਿਕਸਿਤ ਹੋਇਆ। ਔਲਖ ਸਾਧਾਰਨ ਨਿਮਨ ਕਿਸਾਨੀ ਪਰਿਵਾਰ ਨਾਲ ਸੰਬੰਧਿਤ ਹੋਣ ਕਾਰਨ ਧਾਰਮਿਕ ਕੱਟੜਤਾ ਤੋਂ ਦੂਰ ਸੀ। ਉਹ ਅਤੇ ਉਸਦੇ ਹਾਣੀ ਬਚਪਨ ਤੋਂ ਹੀ ਵਹਿਮਾਂ ਭਰਮਾਂ ਦੇ ਵਿਰੋਧੀ ਸਨ। ਉਹ ਪਿੰਡ ਦੇ ਲੋਕਾਂ ਦਾ ਮੜੀਆਂ ਮਸਾਵੀਆਂ ਪੂਜਣ ਤੇ ਵਿਰੋਧ ਕਰਦੇ ਅਤੇ ਔਲਖ ਖੁਦ ਕਈ ਵਾਰ ਇਹ ਵਹਿਮ ਦੂਰ ਕਰਨ ਲਈ ਪਿੱਪਲ ਦੁਆਲੇ ਗੇੜ੍ਹੇ ਕੱਢਣ ਲੱਗ ਜਾਂਦਾ। ਜਿਸਨੂੰ ਕਿ ਪਿੰਡ ਵਾਲਾ ਮਾੜ੍ਹਾ ਸਮਝਦੇ ਸਨ।

ਇਹ ਜਲੂਸ ਉਸ ਜਾਗੀਰਦਾਰੀ ਪ੍ਰਬੰਧ ਦੇ ਖਿਲਾਫ਼ ਸਨ ਜਿਨ੍ਹਾਂ ਵਿੱਚ ਮੁਜ਼ਾਰਿਆ ਨੂੰ ਫ਼ਸਲ ਦਾ ਚੌਥਾ-ਪੰਜਵਾਂ ਹਿੱਸਾ ਹੀ ਮਿਲਦਾ ਸੀ। ਜਗੀਰਦਾਰੀ ਪ੍ਰਤੀ ਇਹੀ ਗੁੱਸਾ ਤੇ ਵਿਦਰੋਹ ਦੀ ਭਾਵਨਾ ਉਸਦੇ ਨਾਟਕਾਂ ਦੀ ਕਰਮ ਭੂਮੀ ਬਣੀ। ਚਾਹੇ ਉਹ ਬੇਗਾਨੇ'ਬੋਹੜ ਦੀ ਛਾਂ-ਹੈ ਜਿਸਦੀਆਂ ਪੰਕਤੀਆਂ ਹਨ '

ਜਨਮ ਧਾਰਿਆ ਢਿੱਡ ਦੀ ਲੋੜ ਵਿੱਚੋਂ

ਮਰ ਜਾਣਗੇ ਢਿੱਡ ਦੀ ਲੋੜ ਥੱਲੇ

ਭਾਲ ਤੇ ਭ ਘੜੀ ਮੁੱਖ ਦੀਲਾ ਕਿੱਥੋਂ

ਜਿਹੜੇ ਰਹਿਣ ਬਗਾਨੜੇ ਬੋਹੜ ਥੱਲੇ।

ਅਧੂਰੀਆਂ ਖਾਹਿਸਾਂ ਉਸਦੇ ਪਾਤਰਾਂ ਰਾਹੀਂ ਬਾਹਰ ਨਿਕਲਦੀਆਂ ਹਨ। ਔਲਖ ਅਜਿਹਾ ,ਰੋਸ-ਇਹ ਗੁੱਸਾ ਨਾਟਕਕਾਰ ਹੈ ਜਿਸਨੇ ਕੋਰਾ ਸੱਚ ਸਟੇਜ ਤੇ ਉਤਾਰ ਦਿੱਤਾ ਹੈ ਜੋ ਅਤਿਅੰਤ ਮੁਸ਼ਕਲ ਕਾਰਜ ਹੈ। ਉਸਦੀ ਯਥਾਰਥ ਵਿਧੀ ਵੱਖਰੀ ਹੈ ਜੋ ਉਸਦੇ ਨਾਟਕਾਂ ਵਿੱਚ ਮਿਲਦੀ ਹੈ ਉਸਦੇ ਨਾਟਕ ਪੰਜਾਬੀ ਨਾਟਕ ਖੇਤਰ ਵਿੱਚ ਵੱਖਰਾ ਪ੍ਰਯੋਗ ਹੈ। ਔਲਖ ਦੇ ਰੰਗਮੰਚ ਵਿੱਚ ਪ੍ਰਵੇਸ਼ ਨਾਲ ਯਥਾਰਥਵਾਦੀ ਰੰਗਮੰਚ ਦੀ ਤੀਜੀ ਪੀੜੀ ਦੀ ਪੁਨਰ ਸਥਾਪਨਾ ਹੋਈ।

ਇਨ੍ਹਾਂ ਗੱਲਾਂ ਤੋ ਇਲਾਵਾ ਗੁਰਬਾਣੀ ਵਿਚਲੀ ਵਿਚਾਰਧਾਰਾ ਤੋਂ ਪ੍ਰਭਾਵਿਤ ਸੀ। ਉਹ ਆਪ ਲਿਖਦਾ ਹੈ ਕਿ ਮੇਰਾ ਕਿਸੇ ਦੈਵੀ ਸ਼ਕਤੀ ਨਾਲ ਜਾਂ ਰੱਬ ਦੀ ਹੋਂਦ ਵਿੱਚ ਮਾਰਕਸਵਾਦੀ ਵਿਚਾਰਾਂ ਦਾ ਧਾਰਨੀ ਹੋਣ ਦੇ ਨਾਤੇ ਭਾਵੇਂ' ਪਰ ਮਾਰਕਸਵਾਦ ਦੀ ਵਿਗਿਆਨਕ ਦ੍ਰਿਸ਼ ,ਵਿਸ਼ਵਾਸ ਨਹੀਂਟੀ ਸਦਕਾ ਮੈਨੂੰ ਇਸਦਾ ਗਿਆਨ ਹੋਇਆ ਕਿ ਗੁਰਬਾਣੀ ਸਮਾਜ ਵਿੱਚ ਇਕ ਇਨਕਲਾਬੀ ਤਬਦੀਲੀ ਲਿਆ ਕੇ ਇਕ ਆਦਰਸ਼ਕ ਮਨੁੱਖੀ ਸਮਾਜ ਦਾ ਸਿਰਫ਼ ਬਿੰਬ ਹੀ ਨਹੀਂ ਸਿਰਜਦੀਰਨਾ ਵੀ ਦਿੰਦੀ ਹੈ। ਉਸ ਵਿਚੋਂ ਇਕ ਅਜਿਹੇ ਸਗੋਂ ਉਸ ਸਮਾਜ ਨੂੰ ਧਰਤੀ ਉੱਤੇ ਸਥਾਪਿਤ ਕਰਨ ਦੀ ਪ੍ਰੇ , ਮਨੁੱਖ ਦੇ ਦਰਸ਼ਨ ਹੁੰਦੇ ਹਨ ਜਿਹੜਾ ਹਰ ਪੱਖੋਂ ਇੱਕ ਪੂਰਨ ਮਨੁੱਖ ਹੈ ਅਤੇ ਮਾਰਕਸਵਾਦ ਦੇ ਕਲਪੇ ਸ਼ਾਨਦਾਰ ਇਨਸਾਨ ਦੇ ਨਾਲ ਮੇਲ ਖਾਂਦਾ ਹੈ।

ਵੱਖ ਸਮਾਗਮਾਂ ਵਿੱਚ-ਸਕੂਲ ਵਿੱਚ ਪੜ੍ਹਦਿਆਂ ਔਲਖ ਵੱਖ ਆਪਣੀ ਲਿਖੀ ਕਵਿਤਾ ਸੁਣਾਉਂਦਾ ਹੁੰਦਾ ਸੀ। ਦਸਵੀਂ ਤੱਕ ਉਹ ਸਕੂਲ ਦੇ ਮੋਹਰੀ ਕਲਾਕਾਰਾਂ ਵਿੱਚੋਂ ਇਕ ਸੀ। ਨੌਂਵੀ ਜਮਾਤ ਵਿੱਚ ਪੜਦਿਆ ਸਕੂਲ ਵਿੱਚ ਇਕ ਸਾਹਿਤ ਸਭਾ ਬਣੀ ਜਿਸ ਵਿੱਚ ਔਲਖ ਮੋਢੀ ਸੀ। ਏਥੇ ਪੜ੍ਹਦੇ ਹੀ ਉਸਦੇ ਮਨਪਸੰਦ ਲੇਖਕ ਗੁਰਬਖਸ਼ ਸਿੰਘ ਪ੍ਰੀਤਲੜੀ ਅਤੇ ਜਸਵੰਤ ਸਿੰਘ ਕੰਵਲ ਸਨ। ਉਹ ਕੰਵਲ ਦੇ ਨਾਵਲ ਰਾਤ ਬਾਕੀ ਹ'ੈਤੋਂ ਵਿਸ਼ੇਸ਼ ਤੌਰ ਤੇ ਪ੍ਰਭਾਵਿਤ ' ਸੀ। ਔਲਖ ਨੇ ਉਚੇਰੀ ਵਿਦਿਆ ਪਟਿਆਲੇ ਰਹਿੰਦੇ ਪ੍ਰਾਈਵੇਟ ਤੌਰ ਤੇ ਗਿਆਨੀ ਦੀ ਪ੍ਰੀਖਿਆ ਪਾਸ ਕੀਤੀ।

ਗਿਆਨੀ ਦੀ ਪੜਾਈ ਕਰਨ ਸਮੇਂ ਔਲਖ ਨੇ ਆਪਣੀ ਪਹਿਲੀ ਕਹਾਣੀ'ਸ਼੍ਰੀਮਤੀ ਤੋਬਾ' ਦੀ ਰਚਨਾ ਕੀਤੀ। ਇਹ ਇਸ ਪਿੱਛੋਂ ਉਹ ਸਿਆੜ ਨਾਂ ਦੇ ਨਕਸਲਬਾੜੀ ਪਰਚੇ ਵਿੱਚ ਅਜੈਮਨ ਨ ।ਦੀ ਗੱਲ ਹੈ 1959ਾਂ ਅਧੀਨ

ਪ੍ਰਕਾਸ਼ਿਤ ਹੁੰਦਾ ਰਿਹਾ। ਇਹ ਵੀ ਪਤਾ ਲੱਗਦਾ ਹੈ ਕਿ ਮੈਟ੍ਰਿਕ ਦਾ ਨਤੀਜਾ ਨਿਕਲਣ ਤੋਂ ਪਹਿਲਾ ਨਾਵਲ ਬਿਸ਼ਵੇਦਾਰੀ ਵੀ ਲਿਖਿਆ। ਇਹ ਨਾਵਲ ਹਾਲੇ ਤੱਕ ਵੀ ਪ੍ਰਕਾਸ਼ਿਤ ਨਹੀਂ ਹੋਇਆਸ਼ਾਇਦ ਲੇਖਕ ਇਸਨੂੰ ਕੱਚੀ ਉਮਰ ਦੀ ਰਚਨਾ , ਵਿੱਚ 1969 ਸਮਝਦਾ ਸੀ। ਇਸਦਾ ਵਿਸ਼ਾ ਮੁਜ਼ਾਹਰਿਆ ਅਤੇ ਵਿਸਵੇਦਾਰ ਦੇ ਆਪਸੀ ਸੰਬੰਧ ਸਨ। ਸੰਨ ਉਸਨੇ ਸਾਹਿਤ ਸਭਾ ਨਾਲ ਰਲ ਕੇ ਇੱਕ ਪਰਚਾ ਸਤਿ ਸਾਗਰ ਪ੍ਰਕਾਸ਼ਿਤ ਕਰਨ ਦੀ ਯੋਜਨਾ ਬਣਾਈ ਪਰ ਮਗਰੋਂ ਉਸ ਨੂੰ ਇਹ ਪਰਚਾ ਇਕੱਲੇ ਹੀ ਕੱਢਣਾ ਪਿਆ। ਵਿੱਚ ਲਿਖਾਰੀ ਸਭਾ ਮਾਨਸਾ ਦਾ ਆਯੋਜਨ ਹੋਇਆ। ਇਸ ਸਭਾ 1970 ਨਾਂ ਦੀ ਪੱਤ੍ਰਿਕਾ ਦਾ ਪ੍ਰਕਾਸ਼ਨ ਹੁੰਦਾ ਰਿਹਾ ਜਿਸਦੇ ਸੰਪਾਦਕ ਅਜਮੇਰ ਸਿੰਘ ਔਲਖ ਸਨ। 'ਨਾਗ ਦਿਵਸ' ਵੱਲੋਂ

ਔਲਖ ਨੇ ਲਈ ਔਲਖ ਨੇ ਲੋਕ ਵਿੱਚ ਆਪਣੇ ਨਾਟਕਾਂ ਅਤੇ ਹੋਰ ਲੇਖਕਾਂ ਦੇ ਨਾਟਕਾਂ ਦੇ ਮੰਚਣ 1976 ਕਲਾਕਾਰ ਜੁੜੇ ਹੋਏ ਹਨ ਜਿਨ੍ਹਾਂ ਵਿੱਚ 25-20 ਹੁਣ ਇਸ ਸੰਸਥਾ ਨਾਲ ,ਕਲਾ ਮੰਚ ਮਾਨਸਾ ਦੀ ਸਥਾਪਨਾ ਕੀਤੀ ਉਸਦੀ ਪਤਨੀ ਅਤੇ ਤਿੰਨ ਧੀਆਂ ਵੀ ਸ਼ਾਮਿਲ ਹਨ। ਇਹ ਸੰਸਥਾ ਪਿੰਡਾਂ ਅਤੇ ਸ਼ਹਿਰਾਂ ਵਿੱਚ ਜਾ ਕੇ ਨਾਟਕ ਖੇਡਦੀ ਸੀ।

ਉਸਨੇ ਪ੍ਰਾਈਵੇਟ ਤੌਰ ਤੇ ਐਫਉਸਨੇ ਪੰਜਾਬੀ ਏ ਕਰਨ ਤੋਂ ਪਿੱਛੋਂ.ਪਾਸ ਕੀਤੀ। ਬੀ .ਏ.ਏ ਅਤੇ ਬੀ. ਦੀ (ਪੰਜਾਬੀ) .ਏ.ਯੂਨੀਵਰਸਿਟੀ ਪਟਿਆਲਾ ਵਿਖੇ ਇਕ ਰੈਗੂਲਰ ਵਿਦਿਆਰਥੀ ਵਜੋਂ ਦਾਖਲਾ ਲਿਆ ਤੇ ਐਮ ਵਿੱਚ ਉਸ ਦਾ ਵਿਆਹ ਸ੍ਰੀਮਤੀ ਮਨਜੀਤ ਕੌਰ ਨਾਲ ਹੋਇਆ। 1967 ਪ੍ਰੀਖਿਆ ਪਾਸ ਕੀਤੀ।

ਆਰਥਿ ,ਅਜਮੇਰ ਔਲਖ ਦੇ ਨਾਟਕਾਂ ਵਿੱਚ ਸਮਾਜਿਕਕ ਪਰਿਸਥਿਤੀਆਂ ਦੇ ਅੰਤਰਗਤ ਮਾਨਵੀਂ ਰਿਸ਼ਤਿਆਂ ਦਾ ਅਧਿਐਨ ਕੀਤਾ ਗਿਆ ਹੈ। ਅਜਮੇਰ ਔਲਖ ਮਲਵਈ ਖਿੱਤੇ ਦਾ ਨਾਟਕਕਾਰ ਹੈ। ਉਹ ਸਮਾਜ ਦੀ ਅਸਲ ਤਸਵੀਰ ਨੂੰ ਆਪਣੇ ਨਾਟਕਾਂ ਰਾਹੀਂ ਪੇਸ਼ ਕਰਦਾ ਹੈ। ਉਸਦੇ ਨਾਟਕਾਂ ਦੇ ਪਾਤਰ ਹਰ ਸ੍ਰੇਣੀ ਦੇ ਪ੍ਰਤੀਨਿਧ ਪਾਤਰ ਹੁੰਦੇ ਹਨ। ਉਸਦੇ ਨਾਟਕਾਂ ਦਾ ਮੁੱਢ ਥੀਮ ਸਮਾਜਿਕ ਯਥਾਰਥ ਦੇ ਸੰਦਰਭ ਵਿੱਚ ਵਿਸ਼ਿਆਂ ਦੀ ਪੇਸ਼ਕਾਰੀ ਹੈ ਜਿਸ ਵਿੱਚ ਮਾਨਵੀ ਰਿਸ਼ਤਿਆਂ ਦੀ ਨੈਤਿਕਤਾ ਅਤੇ ਆਰਥਿਕਤਾ ਆਦਿ ਨੂੰ ਪੇਸ਼ ਕੀਤਾ ਹੈ। ਔਲਖ ਦਾ ਪਹਿਲਾ ਨਾਟਕ ਇਸ ਸਮੱਸਿਆ ਨਾਲ ਸੰਬੰ 'ਧੁੰਧੂਕਾਰਾ'ਧਿਤ ਨਾਟਕ ਹੈ। ਆਮ ਆਦਮੀ ਨੂੰ ਰੋਟੀ ਦੀ ਪ੍ਰਾਪਤੀ ਲਈ ਵੀ ਸੰਘਰਸ਼ ਕਰਨਾ ਪੈਦਾ ਹੈ ਇਸ ਰੋਟੀ ਦੀ ਪ੍ਰਾਪਤੀ ਲਈ ਹੀ ਵਿੱ 'ਬਗਾਨੇ ਬੋਹੜ ਦੀ ਛਾਂ'ਚ ਸਮਾਜਿਕ ਤੇ ਸੱਭਿਆਚਾਰਕ ਕਦਰਾਂਰੀਕਾਂ ਦੇ ਝਗੜੇ ਆਦਿ ਪੇਸ਼ ਹੋਏ ਹਨ। ਮਾੜੀ ਅਰਥਿਕਤਾ ਨਾਲ ਸ਼-ਭੱਜ ਦੇ ਨਾਲ-ਕੀਮਤਾਂ ਦੀ ਟੁੱਟ- ਪਰਿਵਾਰਕ ਰਿਸ਼ਤਿਆਂ ਵਿੱਚਖ਼ੂਨੀ ਝਗੜੇ ਅਤੇ ਤ੍ਰੇੜਾਂ ਪੈਦੀਆਂ ਹਨ ਅਤੇ ਪਰਿਵਾਰਕ ਜੀਅ ਇੱਕਦੂਜੇ ਨੂੰ ਦੋਸ਼ੀ -

ਠਹਿਰਾਉਂਦੇ ਹਨ।

ਇਸ਼ਕੀ 'ਬਾਲ ਨਾਥ ਦੇ ਟਿੱਲੇ ਤੇ' ਕਾਵਿ ਨਾਟਕਆ ਰਿਸ਼ਤਿਆਂ ਨੂੰ ਪੇਸ਼ ਕੀਤਾ ਗਿਆ ਹੈ। ਨਾਟਕਕਾਰ ਇਸ ਵਿੱਚ ਇਸ਼ਕੀਆਂ ਰਿਸ਼ਤਿਆਂ ਨੂੰ ਪੇਸ਼ ਕਰਦਾ ਹੈ। ਇਸ ਵਿੱਚ ਔਰਤਮਰਦ ਦੇ ਰਿਸ਼ਤੇ ਨੂੰ ਜੋਗਮਤ ਅਤੇ - ਗ੍ਰਹਿਸਤਮਤ ਦੋ ਦ੍ਰਿਸ਼ਟੀਕੋਣਾਂ ਤੋਂ ਪੇਸ਼ ਕੀਤਾ ਗਿਆ ਹੈ ਅੰਤ ਵਿੱਚ ਇਸ਼ਕੀਆ ਰਿਸ਼ਤਿਆਂ ਨੂੰ ਛਡਿਆਇਆ ਗਿਆ ਹੈ ਅਤੇ ਔਰਤ ਦੀ ਅਹਿਮੀਅਤ ਦਰਸਾਈ ਗਈ ਹੈ:

ਤੀਵੀਂ ਬਿਨ੍ਹਾਂ ਅਧੂਰਾ ਹੈ ਮਰ :ਰਾਂਝਾਦ ਮੂਲੋ

ਏਹਦੇ ਪੇਟ ਵਿੱਚ ਆਦਮ ਦਾ ਮੂਲ ਨਾਥਾ।

ਅਜਮੇਰ ਔਲਖ ਆਸ਼ਕਭ-ਭੈਣ ,ਮਸ਼ੂਕ-ਰਾਧੀ ਆਦਿ ਰਿਸ਼ਤਿਆਂ ਦੀ ਪੇਸ਼ਕਾਰੀ ਬੜੀ -ਮਾਂ ,ਧੀ-ਪਿਉ , ਬਾਰੀਕੀ ਤੇ ਸੂਝ ਬੂਝ ਨਾਲ ਕਰਦਾ ਹੈ ਜਿਸਦੀ ਉਦਾਹਰਣ ਉਸਦਾ ਕਾਵਿ ਨਾਟਕ'ਮਿਰਜੇ ਦੀ ਮੌਤ' ਹੈ। ਸਾਹਿਬਾਂ ਰਿਸ਼ਤਿਆਂ ਦੀ ਦੁੱਚਿੱਤੀ ਵਿੱਚ ਫਸੀ ਹੈ ਉਸ ਲਈ ਇੱਕ ਪਾਸੇ ਆਪਣਾ ਪਿਆਰ ਮਿਰਜਾ ਹੈ ਅਤੇ ਦੂਜੇ ਪਾਸੇ ਮਾਂਜਾਏ - ਣਾ ਨਹੀਂ ਚਾਹੁੰਦੀ ਸਾਹਿਬਾਂ ਦੀ ਇਸ ਦੁਚਿੱਤੀ ਨੂੰ ਬੜੀ ਖ਼ੂਬਸੂਰਤੀ ਨਾਲ ਪੇਸ਼ ਉਹ ਦੋਨਾਂ ਵਿੱਚੋ ਕਿਸੇ ਨੂੰ ਖੋ ,ਭਰਾ ਕਰਦਾ ਹੈ।

ਸਾਹਿਬਾ : ਮੈਂ ਵੱਢੀ ਵਿੱਚ ਵਚਾਲਿਉ

ਮੇਰੀ ਸੁਣੀ ਕਿਸੇ ਨਾਂ ਹੂਕ

ਇੱਕ ਧੜ ਮੇਰੀ ਭੈਣ ਦਾ

ਦੂਜਾ ਧੜ ਮਾ...........

ਔਲਖ ਬਾਂਝ ਔਰਤ ਦੀ ਦਰਦ ਭਰੀ ਗਾਥਾ ਦੇ ਨਾਲਵਿਸ਼ਵਾਸ -ਨਾਲ ਗਰੀਬ ਅਤੇ ਅਨਪੜ੍ਹ ਲੋਕਾਂ ਵਿਚਲੇ ਅੰਧ- ਰਾਂਹੀ ਪੇਸ਼ ਕਰਦਾ ਹੈ। ਇਸ ਨਾਟਕ ਵਿੱਚ 'ਸੁੱਕੀ ਕੁੱਖ' ਪਰਿਵਾਰਿਕ ਰਿਸ਼ਤਿਆਂ ਦੀ ਤਸਵੀਰ ਅਪਣੇ ਇਕਾਂਗੀ ਅਤੇ ਨਾਟਕਕਾਰ ਨੇ ਬੇਔਲਾਦ ਧੰਨੋ ਦੀ ਤ੍ਰਾਸਦੀ ਨੂੰ ਪੇਸ਼ ਕੀਤਾ ਹੈ ਕਿ ਕਿਵੇਂ ਉਹ ਆਪਣੇ ਔਲਾਦ ਨਾ ਹੋਣ ਕਰਕੇ ਅੰਧ ਵਿਸ਼ਵਾਸਾਂ ਵਿੱਚ ਪੈ ਜਾਂਦੀ ਹੈ ਅਤੇ ਟੱਲੀ ਦੀ ਬਲੀ ਦੇਣ ਲਈ ਤਿਆਰ ਹੋ ਜਾਂਦੀ ਹੈ। ਇਸ ਪ੍ਰਕਾਰ ਨਾਟਕਕਾਰ ਨੇ ਪਦਾਰਥਵਾਦੀ ਸੰਸਾਰ ਦੀ ਇਹ ਪ੍ਰਵਿਰਤੀ ਆਪਣੇ ਇਸ ਇਕਾਂਗੀ ਰਾਹੀ ਪੇਸ਼ ਕੀਤੀ ਹੈ।

ਮਾਨਵੀਂ ਰਿਸ਼ਤਿਆਂ ਦੀ ਟੁੱਟਇੱਕ ' ਭੱਜ ਅਤੇ ਗੈਰ ਕੁਦਰਤੀ ਰਿਸ਼ਤਿਆਂ ਦੁਆਲੇ ਘੁੰਮਦਾ ਇਕਾਂਗੀ-

ਔਲਖ ਦਾ ਇੱਕ ਬਹੁ ਚਰਚਿਤ ਇਕਾਂਗੀ ਹੈ। ਰਾਮ 'ਰਮਾਇਣ ਹੋਰਅਤੇ ਲੱਛਾ ਦੋ ਭਰਾਵਾਂ ਵਿੱਚੋਂ ਰਾਮ ਵਿਆਹਿਆ ਹੋਇਆ ਹੈ। ਥੋੜ੍ਹੀ ਭੂਮੀ ਦੀ ਵੰਡ ਦੇ ਡਰੋਂ ਰਾਮ ਦੇ ਘਰਵਾਲੀ ਸੀਤੋ ਨੂੰ ਆਪਣੇ ਜੇਠ ਨਾਲ ਸਰੀਰਕ ਰਿਸ਼ਤਾ ਬਣਾਉਣਾ ਪੈਂਦਾ ਹੈ। ਇਸ ਪ੍ਰਕਾਰ ਪੂਰੀ ਕਹਾਣੀ ਰਿਸ਼ਤਿਆਂ ਦੇ ਤਣਾਓ ਨੂੰ ਪੇਸ਼ ਕਰਦੀ ਹੈ। ਕਹਾਣੀ ਵਿੱਚ ਦੋਸਤੀ ਦੇ ਜਜ਼ਬਾਤੀ ਰਿਸ਼ਤੇ ਦਾ ਘਾਣ ਹੁੰਦਾ ਦਿਖਾਇਆ ਗਿਆ ਹੈ। ਇਹ ਕਹਾਣੀ ਦੋਸਤੀ ਦੇ ਜਜਬਾਤੀ ਰਿਸ਼ਤਿਆਂ ਪਰਿਵਾਰਕ ਤੇ ਸ੍ਰੇਣੀ ਸੰਘਰਸ਼ ਦੀ ਕਹਾਣੀ ਹੈ।

''ਜਦੋਂ ਬੋਹਲ ਰੋਂਦੇ ਹਨਸੀਰੀ ਤੇ ਕਿਸਾਨ ਵਿਚਲੇ ਜ਼ਜਬਾਤੀ ਅਤੇ ਜਾਗੀਰਦਾਰੀ ਵਿਵਸਥਾ ਵਿੱਚ ਵੱਡੇ ' ਸਾਹੂਕਾਰਾਂ ਅਤੇ ਕਿਸਾਨਾਂ ਦੇ ਅਣਸੁਖਾਵੇਂ ਰਿਸ਼ਤਿਆਂ ਨਾਲ ਪਰਿਵਾਰਕ ਰਿਸ਼ਤਿਆਂ ਦੀ ਗੱਲ ਕਰਦਾ ਔਲਖ ਨਾਟਕ ਦੇ ਨਾਇਕ ਭਗਤੇ ਅਤੇ ਉਸਦੇ ਸੀਰੀ ਦੇ ਜ਼ਜ਼ਬਾਤੀ ਸੰਬੰਧ ਪੇਸ਼ ਕਰਦਾ ਹੈ ਜਦੋਂ ਕਣਕ ਘਰ ਆਉਂਦੀ ਹੈ ਤਾਂ ਪਰਿਵਾਰਕ ਹਾਸੇ ਠੱਠੇ ਖੂਨ ਦੇ ਰਿਸ਼ਤਿਆਂ ਦੀ ਮਹਿਕ ਆਉਂਦੀ ਹੈ ਪਰ ਜਦੋਂ ਸਾਰਾ ਅਨਾਜ ਸ਼ਾ 'ਚੋਂ'ਹੂਕਾਰ ਲੈ ਜਾਂਦਾ ਹੈ ਤਾਂ ਸ੍ਰੇਣੀ ਸੰਘਰਸ਼ ਦੇਖਣ ਨੂੰ ਮਿਲਦਾ ਹੈ।

1947ਦੀ ਵੰਡ ਦੇ ਦੁਖਾਂਤ ਨੂੰ ਪੇਸ਼ ਕਰਦਾ ਔਲਖ ਦਾ ਇਕਾਂਗੀ ਮਹੱਤ 'ਅੰਨੇ ਨਿਸ਼ਾਨਚੀ'ਵਪੂਰਨ ਰਚਨਾ ਹੈ ਜਿਸ ਵਿੱਚ ਸਦੀਆਂ ਦੀ ਸਾਂਝੀ ਸੱਭਿਅਤਾ ਅਤ ਆਪਸੀ ਭਾਈਚਾਰਕ ਸਾਂਝ ਦੇ ਘਾਣ ਨੂੰ ਬਿਆਨਿਆਂ ਗਿਆ ਹੈ। ਸਦੀਆਂ ਤੋਂ ਭਰਾਵਾਂ ਵਾਂਗ ਰਹਿੰਦੀਆਂ ਕੌਮਾਂ ਇੱਕੋ ਸਮੇਂ ਇੱਕਦੂਜੇ ਦੇ ਖ਼ੂਨ ਦੀਆਂ ਪਿਆਸੀਆਂ ਹੋ ਜਾਂਦੀਆਂ ਹਨ। -ਧਰਮ ਦੀ ਸਮਝ ਵਿੱਚ ਖ਼ੂਨੀ ਖੇਡ ਖੇਡੀ ਜਾਂਦੀ ਹੈ। ਇਸ ਵਿੱਚ ਨਾਟਕਕਾਰ ਭਾਈਚਾਰਕ ਰਿਸ਼ਤਿਆਂ ਦੇ ਘਾਣ ਤੇ ਮਨੁੱਖ ਦੁਆਰਾ ਮਨੁੱਖ ਤੇ ਹੁੰਦੇ ਤਸ਼ੱਦਦ ਦੀ ਕਹਾਣੀ ਬਿਆਨ ਕਰਦਾ ਹੈ।

'ਸਿੱਧਾ ਰਾਹ ਵਿੰਗਾ ਬੰਦਾਰਾਹੀਂ ਲੇਖਕ ਨੇ ਵਰਗ ਸੰਘਰਸ਼ ਅਤੇ ਵਰਗ ਚੇਤਨਾ ਆਧਾਰਿਤ ਮਾਨਵੀ ' ਜਾਤਾਂ ਅਤੇ ਸ਼੍ਰੇਣੀਆਂ ਨੇ ਸਮਾਜ ,ਵੱਖ ਵਰਗਾਂ-ਰਿਸ਼ਤਿਆਂ ਨੂੰ ਪੇਸ਼ ਕੀਤਾ ਹੈ। ਸਮਾਜ ਵਿੱਚ ਪਾਏ ਜਾਣ ਵਾਲੇ ਵੱਖ ਵਿੱਚਲੇ ਵਿਰੋਧ ਨੂੰ ਜਨਮ ਦਿੱਤਾ ਹੈ ਅਤੇ ਇਹ ਵਿਰੋਧ ਮਾਨਵੀ ਰਿਸ਼ਤਿਆਂ ਨੂੰ ਨਿਰਧਾਰਿਤ ਕਰਦੇ ਹਨ। ਦਾ ਲੋਹੇ' ਇਕਾਂਗੀ ਸਮਾਜਿਕ ਵਿਰੋਧਾਂ ਤੇ ਉੱਸਰੇ ਸਮਾਜਿਕ ਰਿਸ਼ਤਿਆਂ ਦੀ ਕਹਾਣੀ ਪੇਸ਼ ਕਰਦਾ ਹੈ। ਸਰਮਾਏ ਦਾਰੀ ਵੱਲੋਂ 'ਪੁੱਤ ਕਿਰਤੀ ਕਿਸਾਨ ਦੀ ਲੁੱਟਖਸੁੱਟ ਨਾਟਕ ਦੀ ਕੇਂਦਰੀ ਸਮੱਸਿਆ- ਹੈ। ਨਾਟਕ ਦਾ ਨਾਇਕ ਬਰਛਾ ਇੱਸ ਲੁੱਟ ਦਾ ਸ਼ਿਕਾਰ ਹੁੰਦਾ ਹੈ ਅੰਤ ਵਿੱਚ ਨਾਟਕਕਾਰ ਨੇ ਸਾਂਝੇ ਹਿੱਤਾਂ ਵਿੱਚ ਬੱਝ ਕੇ ਵਿਵਸਥਾ ਦਾ ਮੁਕਾਬਲਾ ਕਰਨ ਦਾ ਸੰਦੇਸ਼ ਦਿੱਤਾ ਹੈ।

'ਭੱਜੀਆਂ ਬਾਹੀਨਾਟਕ ਦੀ ਕਹਾਣੀ ਪਰਿਵਾਰਕ ਕਲੇਸ਼ ਅਤੇ ਅੰਤਰ ਵਿਰੋਧਾਂ ਦੇ ਦੁਆਲੇ ਘੁੰਮਦੀ ਹੈ ' ਵਿਤਕਰੇ ਆਲੇ ਪੈਸੇ ਲਈ ਖ਼ੂਨ ਦੇ ਰਿਸ਼ਤਿਆਂ ਦਾ ਘਾਣ ਹੋ ਜਾਣਾ ,ਇਸਦਾ ਕੇਂਦਰੀ ਥੀਮ ਪਰਿਵਾਰਕ ਖਿਚੋਤਾਣ ਗ-ਆਦਿ ਦੇ ਇਰਦਿਰਦ ਘੁੰਮਦਾ ਹੈ। ਕਹਾਣੀ ਕੇਂਦਰੀ ਪਾਤਰ ਕੇਵਲ ਦੁਆਲੇ ਘੁੰਮਦੀ ਹੈ ਘਰ ਵਿੱਚ ਉਸਦੀ ਪਤਨੀ ਨੂੰ ਘੱਟ ਦਹੇਜ਼ ਲਿਆਉਣ ਕਰਕੇ ਉਹ ਮਾਣ ਸਤਿਕਾਰ ਨਹੀਂ ਮਿਲਦਾ ਜੋ ਦੂਸਰੀ ਬਹੂ ਕੁਸ਼ੋਲਿਆਂ ਨੂੰ ਮਿਲਦਾ ਹੈ। ਇਹ ਨਾਟਕ ਸਮਾਜਿਕ ਰਿਸ਼ਤਿਆਂ ਦੀ ਪੇਸ਼ਕਾਰੀ ਬਾਖ਼ੂਬੀ ਕਰਦਾ ਹੈ। ਮਾੜੀ ਆਰਥਿਕਤਾ ਅਤੇ 'ਸੱਤ ਬਗਾਨੇ' ਜਾਤੀਵਾਦ ਦੇ ਬੁਰੇ ਪ੍ਰਭਾਵਾਂ ਦੇ ਇਰਦਗਿ-ਰਦ ਘੁੰਮਦਾ ਇਹ ਨਾਟਕ ਬਚਨ ਸਿੰਘ ਨਾਂ ਦੇ ਮਾੜੀ ਆਰਥਿਕਤਾ ਵਾਲੇ ਪੇਂਡੂ ਜੱਟ ਦੀ ਕਹਾਣੀ ਹੈ। ਬਚਨ ਨੂੰ ਆਪਣੇ ਹੀ ਪਿੰਡ ਦੇ ਝਿਊਰਾਂ ਦੀ ਕੁੜੀ ਨਾਲ ਇਸ਼ਕ ਹੋ ਜਾਂਦਾ ਹੈ ਤੇ ਉਹ ਉਸਨੂੰ ਆਪਣੇ ਘਰ ਵਸਾ ਲੈਂਦਾ ਹੈ। ਉਨ੍ਹਾਂ ਦੇ ਘਰ ਚਾਰ ਪੁੱਤ ਜਨਮ ਲੈਂਦੇ ਹਨ। ਮਾਂ ਝਿਊਰੀ ਹੋਣ ਕਾਰਨ ਉਨ੍ਹਾਂ ਦੇ ਕਿਸੇ ਪੁੱਤ ਦਾ ਵਿਆਹ ਨਹੀਂ ਹੁੰਦਾ। ਜੈਕੁਰ ਆਪਣੇ ਪੁੱਤਰ ਨਾਹਰੀ ਲਈ ਕੁਝ ਪੈਸੇ ਖਰਚ ਕੇ ਰਿਸ਼ਤੇ ਦਾ ਜੁਗਾੜ ਕਰਦੀ ਹੈ ਪਰ ਨਾਹਰੀ ਦਾ ਚਾਚਾ ਪੈਸੇ ਦੇ ਜ਼ੋਰ ਤੇ ਉਹ ਰਿਸ਼ਤਾ ਵਿਆਹ ਕੇ ਲੈ ਜਾਂਦਾ ਹੈ। ਵਿਰੋਧ ਵਜੋਂ ਨਾਹਰੀ ਚਾਚੇ ਦਾ ਕਤਲ ਕਰ ਦਿੰਦਾ ਹੈ ਅਤੇ ਉਸਨੂੰ ਫਾਂਸੀ ਹੋ ਜਾਂਦੀ ਹੈ। ਇਸ ਪ੍ਰਕਾਰ ਇਹ ਨਾਟਕ ਜਾਤ,ਅਣਖ ,ਇਸ਼ਕ ,ਪਾਤ- ਨੈਤਿਕ ਕਦਰਾਂ ਸਮਾਜਿਕ ਰਿਸ਼ਤਿਆਂ ਦਾ ਯਥਾਰਥ ਹੈ। ,ਕੀਮਤਾਂ-

ਉਪਰੋਕਤ ਚਰਚਾ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਔਲਖ ਅਜਿਹਾ ਨਾਟਕਕਾਰ ਹੈ ਜੋ ਪੰਜਾਬ ਦੇ ਕਿਰਸਾਨੀ ਜੀਵਨ ਦੀਆਂ ਸਮੱਸਿਆਵਾਂ ਅਤੇ ਅਲਾਮਤਾਂ ਨੂੰ ਆਪਣੇ ਨਾਟਕਾਂ ਰਾਹੀ ਪੇਸ਼ ਕਰਦਾ ਹੈ। ਔਲਖ ਪੰਜਾਬੀ ਰੰਗਮੰਚ ਤੇ ਨਾਟ ਖੇਤਰ ਦਾ ਸਦੀਵੀ ਤਾਰਾ ਹੈ ਜੋ ਨਾਟ ਖੇਤਰ ਵਿੱਚ ਹਮੇਸ਼ਾ ਚਮਕਦਾ ਰਹੇਗਾ।

**ਅਜਮੇਰ ਔਲਖ: ਇਸ਼ਕ ਬਾਝ ਨਮਾਜ਼ ਦਾ ਹੱਜ ਨਹੀਂ - ਵਿਚਾਰਧਾਰਾਈ ਅਧਿਐਨ / ਵਿਸ਼ਾ-ਵਸਤੂ**

ਇਸ ਨਾਟ ਰਚਨਾ ਵਿੱਚ ਸਾਰੇ ਹੀ ਲਘੂ ਨਾਟ ਹਨ। ਇਸ ਲਈ ਇਸ ਨਾਟ ਦੇ ਵਿਸ਼ੇ ਸੰਬੰਧੀ ਵਿਚਾਰ ਕਰਨੀ ਵੀ ਜ਼ਰੂਰੀ ਹੈ। ਵਿਸ਼ੇ ਪੱਖ ਤੋਂ ਲਘੂ ਨਾਟਕ ਪੂਰੇ ਨਾਟਕ ਨਾਲ ਮੇਲ ਖਾਂਦਾ ਹੈ। ਪ੍ਰੋ. ਸਰਨਜੀਤ ਕੌਰ ਦਾ ਕਹਿਣਾ ਹੈ, '' ਵਿਸ਼ੇ ਪੱਖੋ ਲਘੂ ਨਾਟਕ ਅਤੇ ਇਕਾਂਗੀ ਵਿੱਚ ਕਾਫ਼ੀ ਅੰਤਰ ਹੈ ਕਿਉਂਕਿ ਇਕਾਂਗੀ ਵਿੱਚ ਜ਼ਿੰਦਗੀ ਦੀ ਕਿਸੇ ਇੱਕ ਘਟਨਾ/ਇਕ ਝਲਕ ਨੂੰ ਹੀ ਪੇਸ਼ ਕੀਤਾ ਜਾਂਦਾ ਹੈ ਜਦ ਕਿ ਲਘੂ ਨਾਟਕ ਵਿੱਚ ਜੀਵਨ ਦੀ ਕੇਂਦਰੀ ਸਮੱਸਿਆ ਨੂੰ ਪੇਸ਼ ਕੀਤਾ ਜਾਂਦਾ ਹੈ। ਲਘੂ ਨਾਟਕ ਦਾ ਵਿਸ਼ਾ ਜੀਵਨ ਦੀ ਕੇਂਦਰੀ ਸਮੱਸਿਆ ਹੁੰਦਾ ਹੈ ਅਤੇ ਇਸਦੇ ਨਾਲ-ਨਾਲ ਜੀਵਨ ਦੀਆਂ ਹੋਰ ਵੀ ਬਹੁਤ ਸਾਰੀਆਂ ਨਿੱਕੀਆਂ-ਨਿੱਕੀਆਂ ਸਮੱਸਿਆਵਾਂ ਪੇਸ਼ ਕੀਤੀਆ ਜਾਂਦੀਆਂ ਹਨ ਜੋ ਕੇਂਦਰੀ ਸਮੱਸਿਆ ਦੀਆਂ ਪਰਤਾਂ ਨੂੰ ਖੋਲਣ ਲਈ ਸਹਾਈ ਹੁੰਦੀਆਂ ਹਨ।''

ਨਾਟਕਕਾਰ ਕੋਲ ਇਕ ਜੀਵਨ ਦ੍ਰਿਸ਼ਟੀ ਹੁੰਦੀ ਹੈ ਜਿਸਦਾ ਸੰਚਾਰ ਉਹ ਨਾਟਕ ਵਿੱਚ ਕਰਦਾ ਹੈ। ਲੇਖਕ ਅਚੇਤ ਜਾਂ ਸਚੇਤ ਕਿਸੇ ਨਾ ਕਿਸੇ ਜੀਵਨ ਦ੍ਰਿਸ਼ਟੀ ਦਾ ਧਾਰਨੀ ਹੁੰਦਾ ਹੈ। ਉਸਦਾ ਕਿਸੇ ਕਿਸਮ ਦੀ ਵਿਚਾਰਧਾਰਾ ਤੋਂ ਮੁਕਤ ਹੋਣਾ ਕਿਆਸ ਨਹੀਂ ਕੀਤਾ ਜਾ ਸਕਦਾ। ਕੋਈ ਲੇਖਕ/ ਨਾਟਕਕਾਰ ਆਪਣੇ ਸਮਾਜ ਦੇ ਆਲੇ-ਦੁਆਲੇ ਨਾਲ ਦਵੰਦਾਤਮਿਕ ਰਿਸ਼ਤੇ ਵਿੱਚ ਬੱਝਿਆ ਹੁੰਦਾ ਹੈ ਜਿਸ ਕਾਰਨ ਉਹ ਸਮਾਜ ਵਿੱਚ ਵਾਪਰਦੀਆਂ ਛੋਟੀਆਂ ਅਤੇ ਵੱਡੀਆਂ ਘਟਨਾਵਾਂ ਤੋਂ ਪ੍ਰਭਾਵਿਤ ਹੋ ਕੇ ਜੀਵਨ ਦੀਆਂ ਇਨ੍ਹਾਂ ਹਕੀਕਤਾਂ ਨੂੰ ਪਾਠਕ ਵਰਗ ਅੱਗੇ ਬਿਨ੍ਹਾਂ ਪਰਦੇ ਘੋਲਣ ਦਾ ਯਤਨ ਆਪਣੀਆਂ ਰਚਨਾਵਾਂ ਰਾਹੀਂ ਕਰਦਾ ਹੈ ਅਤੇ ਇਸ ਪ੍ਰਕਾਰ ਉਹ ਪ੍ਰਾਕਿਰਤਿਕ ਵਰਤਾਰਿਆਂ ਦਾ ਵਿਸ਼ਲੇਸ਼ਣ ਕਰਦਾ ਆਪਣੀ ਰਾਇ ਕਿਸੇ ਨਾ ਕਿਸੇ ਰੂਪ ਵਿੱਚ ਵਿਅਕਤ ਕਰਦਾ ਹੈ।

ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕਾਂ ਵਿੱਚ ਆਮ ਮਨੁੱਖ ਤੇ ਆਮ ਵਰਗ ਨੂੰ ਵਿਸ਼ਿਆਂ ਵਜੋਂ ਚੁਣਿਆ ਹੈ ਅਤੇ ਉਸਦੇ ਨਾਟਕਾਂ ਦੇ ਵਿਸ਼ੇ ਬਹੁਤ ਹੀ ਸਾਰਥਕ ਹੁੰਦੇ ਹਨ ਉਹ ਨਿਮਨ ਵਰਗ ਦੀ ਕਿਰਤੀ ਅਤੇ ਨਿਮਨ ਕਿਸਾਨੀ ਦੀ ਗੱਲ ਆਪਣੇ ਨਾਟਕਾਂ ਵਿੱਚ ਕਰਦਾ ਹੈ। ਉਸਦੇ ਵਿਸ਼ੇ ਸਮਾਜ ਵਿੱਚ ਵਿਚਰਦੇ ਮਨੁੱਖ ਨੂੰ ਚੰਗੇ ਕੰਮਾਂ ਲਈ ਪ੍ਰੇਰਿਤ ਕਰਦੇ ਹਨ।

'ਇਸ਼ਕ ਬਾਝ ਨਮਾਜ ਦਾ ਹੱਜ ਨਾਹੀ' ਰਚਨਾ ਅਜਮੇਰ ਸਿੰਘ ਔਲਖ ਦੀ ਲਿਖੀ ਨਾਟ ਰਚਨਾ ਹੈ ਜਿਸਦੇ

ਵਿੱਚ ਪੰਜ ਲਘੂ ਨਾਟਕ ਹਨ। ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀ, ਹਰਿਓ ਬੂਟ, ਅੰਨ੍ਹੇਰੀ ਕੋਠੜੀ, ਕਲਖ਼ ਹਨੇਰੇ, ਲੋਹੇ ਦਾ ਪੁੱਤ, ਅਜਮੇਰ ਸਿੰਘ ਔਲਖ ਨੇ ਆਪਣੇ ਇਨ੍ਹਾਂ ਨਾਟਕਾਂ ਵਿੱਚ ਕਈ ਵਿਸ਼ੇ ਅਪਣਾਏ ਅਤੇ ਨਿਭਾਏ ਹਨ। ਨਾਟਕਕਾਰ ਪੇਂਡੂ ਜੀਵਨ ਦੀ ਯਥਾਰਥਕਤਾ ਨੂੰ ਨਾਟਕ ਦੇ ਮਾਧਿਅਮ ਰਾਹੀਂ ਪੇਸ਼ ਕਰਦਾ ਹੈ।

**ਨਿਮਨ ਕਿਸਾਨੀ ਦੀਆਂ ਸਮੱਸਿਆਵਾਂ:**

ਔਲਖ ਨੇ ਮੁੱਖ ਤੌਰ ਤੇ ਇਨ੍ਹਾਂ ਨਾਟਕਾਂ ਵਿੱਚ ਛੋਟੀ ਕਿਸਾਨੀ ਦੀਆਂ ਸਮਾਜਿਕ ਤੇ ਆਰਥਿਕ ਸਮੱਸਿਆਵਾਂ ਅਤੇ ਇਨ੍ਹਾਂ ਤੋਂ ਪੈਦਾ ਹੋਣ ਵਾਲੇ ਦੁਖਾਂਤ ਦਾ ਵਰਣਨ ਕੀਤਾ ਹੈ। ਡਾ.ਟੀ.ਆਰ. ਵਿਨੋਦ ਦੇ ਕਹਿਣ ਅਨੁਸਾਰ,''ਔਲਖ, ਮੁੱਖ ਤੌਰ 'ਤੇ ਛੋਟੀ ਕਿਸਾਨੀ ਦੇ ਦੁਖਾਂਤ ਦਾ ਨਾਟਕਕਾਰ ਹੈ। ਪੰਜਾਬ ਦੀ ਬਹੁ-ਗਿਣਤੀ ਛੋਟੀ ਕਿਸਾਨੀ ਦੀ ਹੈ ਜੋ ਭਿੰਨ-ਭਿੰਨ ਪਰਿਵਾਰਾਂ ਵਿੱਚ ਵੰਡੀ ਹੋਈ ਹੈ। ਪਰਿਵਾਰ ਦੀ ਜੱਦੀ ਜ਼ਮੀਨ ਉੱਤੇ ਸਾਂਝੀ ਪਰਿਵਾਰਕ ਮਿਹਨਤ ਨਾਲ ਜੂਨ ਗੁਜ਼ਾਰਾ ਕਰਦੀ ਹੋਈ ਕਿਸਾਨਾਂ ਦੀ ਆਰਥਿਕ ਸਥਿਤੀ ਪਰਿਵਾਰਕ ਵੰਡ ਨਾਲ ਲਗਾਤਾਰ ਪਤਲੀ ਪੈਂਦੀ ਜਾ ਰਹੀ ਹੈ। ਇਸ ਤੋਂ ਇਲਾਵਾ ਉਸਨੇ ਆਪਣੇ ਲਘੂ ਨਾਟਕਾਂ ਵਿੱਚ ਹੋਰ ਵੀ ਵਿਸ਼ੇ ਲਏ ਹਨ।

ਔਲਖ ਨੇ ਆਪਣੇ ਮੌਲਿਕ ਪੂਰੇ ਨਾਟਕ 'ਸੱਤ ਬਗਾਨੇ', 'ਕਿਹਰ ਸਿੰਘ ਦੀ ਮੌਤ', ਸੂਝਵਾਨ', 'ਇੱਕ ਸੀ ਦਰਿਆਂ', 'ਝਨਾਂ ਦੇ ਪਾਣੀ' ਅਤੇ ਨਿੱਕੇ ਸੂਰਜ ਦੀ ਲੜਾਈ' ਨਿਮਨ ਕਿਰਸਾਨੀ ਦੀਆਂ ਸਮੱਸਿਆਵਾਂ ਨੂੰ ਲੈ ਕੇ ਲਿਖੇ ਗਏ ਹਨ। ਏਸੇ ਪ੍ਰਕਾਰ ਉਸਦੇ ਲਘੂ ਨਾਟਕ ਤੇ ਇਕਾਂਗੀ 'ਬਗਾਨੇ ਬੋਹੜ ਦੀ ਛਾਂ', 'ਜਦੋਂ ਬੋਹਲ ਰੋਂਦੇ ਹਨ','ਤੂੜੀਵਾਲਾ ਕੋਠਾ', 'ਅਨ੍ਹੇਰੀ ਕੋਠੜੀ', 'ਸੁੱਕੀ ਕੁੱਖ', 'ਇੱਕ ਰਮਾਇਣ ਹੋਰ', ਢਾਡਾ, ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀ, 'ਹਰਿਓ ਬੂਟ' ਆਦਿ ਵਿੱਚ ਇਨ੍ਹਾਂ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ।

ਔਲਖ ਅਨੁਸਾਰ ਆਰਥਿਕਤਾ ਰਿਸ਼ਤਿਆਂ ਦਾ ਅਧਾਰ ਹੈ ਇਨ੍ਹਾਂ ਰਿਸ਼ਤਿਆਂ ਦੇ ਵਿੱਚ ਆਰਥਿਕਤਾ ਇੱਕ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ ਸਾਡੇ ਸਮਾਜ ਵਿੱਚ ਨੈਤਿਕਤਾ ਦੇ ਅਸੂਲ ਵੀ ਆਰਥਿਕਤਾ ਦਾ ਆਧਾਰ ਤੇ ਘੜੇ ਤੇ ਵਰਤੇ ਜਾਂਦੇ ਹਨ ਅਤੇ ਹਰ ਰਿਸ਼ਤੇ ਦੀ ਮੁਸ਼ਕਲ ਦੀ ਜੜ੍ਹ ਆਰਥਿਕਤਾ ਹੈ।

'ਅਨ੍ਹੇਰ ਕੋਠੜੀ' ਔਲਖ ਦੇ ਨਾਟ ਸੰਗ੍ਰਹਿ ਦਾ ਉਹ ਲਘੂ ਨਾਟਕ ਹੈ ਜਿਸ ਵਿੱਚ ਕਮਜ਼ੋਰ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਪੇਸ਼ ਕੀਤਾ ਗਿਆ ਹੈ ਜਿਨ੍ਹਾਂ ਵਿੱਚ ਮਾੜੀ ਕਿਸਾਨੀ ਦਾ ਸ਼ਾਹੂਕਾਰਾਂ ਤੇ ਬੈਕਾਂ ਦੇ ਕਰਜ਼ਿਆ ਥੱਲੇ ਦੱਬੇ ਰਹਿਣਾ, ਘੱਟ ਜ਼ਮੀਨਾਂ ਪਿੱਛੇ ਸ਼ਰੀਕਾਂ ਨਾਲ ਝਗੜੇ, ਅਮੀਰਾਂ ਦਾ ਚਲਾਕੀ ਨਾਲ ਗਰੀਬਾਂ ਦੀ ਮਜ਼ਬੂਰੀ ਵੱਸ ਉਨ੍ਹਾਂ

ਦੀਆਂ ਜ਼ਮੀਨਾਂ ਸਸਤੇ ਭਾਅ ਤੇ ਖਰੀਦਣਾ ਆਦਿ। ਨਾਟਕ ਵਿਚਲੇ ਵਿਸ਼ੇ ਵਸਤੂ ਅਨੁਸਾਰ ਤੋਤਾ ਸਿੰਘ ਬੜੀ ਮਿਹਨਤ ਕਰਕੇ ਜ਼ਮੀਨ ਤਿਆਰ ਕਰਦਾ ਹੈ ਜਿਸ ਨਾਲ ਉਹ ਪਰਿਵਾਰ ਪਾਲਣ ਦੀ ਕੋਸ਼ਿਸ਼ ਕਰਦਾ ਹੈ ਪਰ ਪ੍ਰਤਾਪ ਅਤੇ ਉਸਦੇ ਸਾਥੀ ਇਹ ਜ਼ਮੀਨ ਉਸ ਤੋਂ ਹਥਿਆਉਣ ਦੀ ਕੋਸ਼ਿਸ ਵਿੱਚ ਹੁੰਦੇ ਹਨ। ਤੋਤਾ ਸਿੰਘ ਦੀ ਪਤਨੀ (ਬੇਬੇ) ਉਸ ਦੀ ਮਦਦ ਕਰਦੀ ਹੈ ਹੁਣ ਜਮੀਨ ਉਨ੍ਹਾਂ ਕੋਲ ਰਹਿ ਜਾਂਦੀ ਹੈ।

ਇਨ੍ਹੇ ਨੂੰ ਚਰਨਾ ਜੋ ਫਸਲ ਵੇਚਣ ਗਿਆ ਹੁੰਦਾ ਹੈ, ਆਉਂਦਾ ਹੈ। ਉਹ ਬੇਬੇ ਦੇ ਪੁੱਛਣ 'ਤੇ ਦੱਸਦਾ ਹੈ ਕਿ ਧੀ ਦੇ ਵਿਆਹ ਉੱਤੇ ਉਨ੍ਹਾਂ ਦੇ ਟਰੈਕਟਰ ਵੇਚ ਦਿੱਤਾ ਸੀ ਪਰ ਅੱਜ ਟਰੈਕਟਰ ਦੀਆਂ ਕਿਸ਼ਤਾ ਚਲ ਰਹੀਆਂ ਹਨ। ਉਹ ਇਹ ਵੀ ਦੱਸਦਾ ਹੈ ਕਿ ਸਮੇਂ ਸਿਰ ਆੜਤੀਏ ਦੇ ਪੈਸੇ ਨਾ ਦੇਣ ਕਰਕੇ ਉਹ ਕਚਹਿਰੀ ਵੀ ਜਾ ਸਕਦਾ ਹੈ। ਕਰਜੇ ਲਈ ਪਰਿਵਾਰ ਇੱਕ ਦੂਜੇ ਨੂੰ ਕੋਸਦਾ ਹੈ। ਪਰਿਵਾਰ ਦੇ ਮੈਂਬਰ ਇੱਕ ਦੂਜੇ ਨੂੰ ਦੋਸ਼ੀ ਠਹਿਰਾਉਂਦੇ ਹਨ। ਮੇਜਰ ਦੱਸਦਾ ਹੈ ਕਿ ਕਲ੍ਹ ਨੂੰ ਕੱਚਹਿਰੀ ਜਾ ਕੇ ਆੜ੍ਹਤੀਏ ਨੂੰ ਜ਼ਮੀਨ ਦੀ ਰਜਿਸਟਰੀ ਕਰ ਦਿੱਤੀ ਜਾਵੇਗੀ। ਇਹ ਸੁਣ ਕੇ ਬੇਬੇ ਦਾ ਮਾਨਸਿਕ ਸੰਤੁਲਨ ਵਿਗੜ ਜਾਂਦਾ ਹੈ। ਦਵਿੰਦਰ ਬੇਬੇ ਸਾਹਮਣੇ ਜ਼ਮੀਨ ਦੀ ਸਾਈ ਦੇਣ ਲੱਗਦਾ ਹੈ ਪਰ ਬੇਬੇ ਬੇਟਸੀ ਅਤੇ ਗੁੱਸੇ ਦਾ ਪ੍ਰਗਟਾਵਾ ਕਰਦੀ ਹੈ। ਚਰਨਾ ਮਾਂ ਨੂੰ ਖੁਸ਼ ਕਰਨ ਦੀ ਕੋਸ਼ਿਸ ਕਰਦਾ ਹੈ ਪਰ ਬੇਬੇ ਜ਼ਮੀਨ ਵੇਚਣ ਦੇ ਦੁੱਖ ਕਾਰਨ ਦਮ ਤੋੜ ਜਾਦੀ ਹੈ।

**ਆਰਥਿਕਤਾ ਅਤੇ ਜਾਤ-ਪਾਤ:**

ਔਲਖ ਨੇ ਇਨ੍ਹਾਂ ਨਾਟਕਾਂ ਵਿੱਚ ਆਰਥਿਕਤਾ ਅਤੇ ਜਾਤ-ਪਾਤ ਨੂੰ ਵੀ ਵਿਸ਼ੇ ਦੇ ਤੌਰ 'ਤੇ ਪੇਸ਼ ਕੀਤਾ ਹੈ। ਇਸ ਸੰਬੰਧ ਵਿੱਚ ਉਸਦੇ ਨਾਟਕ ਇਸ਼ਕ ਬਾਝ ਨਮਾਜ਼ ਦਾ ਹੱਜ ਨਹੀਂ ਅਤੇ 'ਲੋਹੇ ਦਾ ਪੁੱਤ' ਵਿਚਾਰਨ ਯੋਗ ਹਨ। 'ਇਸ਼ਕ ਬਾਝ ਨਮਾਜ਼ ਦਾ ਹੱਜ ਨਹੀਂ ਵਿੱਚ ਨਾਟਕਕਾਰ ਨੇ ਦੇਸ਼ ਆਜ਼ਾਦ ਹੋਣ ਦੇ 60 ਸਾਲ ਬਾਅਦ ਵੀ ਸਾਡੀ ਮਾਨਸਿਕ ਸਥਿਤੀ ਜਿਸ ਮੋੜ ਤੇ ਅੜੀ ਹੈ ਨੂੰ ਬਿਆਨ ਕੀਤਾ ਹੈ। ਭਾਵੇਂ ਦੇਸ਼ ਆਜ਼ਾਦ ਹੋ ਗਿਆ ਹੈ ਅਤੇ ਪੂਰੇ ਰੂਪ ਵਿੱਚ ਗੁਰੂ ਦੇ ਸਿੱਖ ਅਖਵਾਉਣ ਲੱਗੇ ਹਾਂ ਪਰ ਸਾਡੇ ਅੰਦਰ ਜੋ ਮਾਨਸਿਕਤਾ, ਆਰਥਿਕ, ਅਸਮਾਨਤਾ ਅਤੇ ਜਾਤ-ਪਾਤ ਨੂੰ ਲੈ ਕੇ ਫ਼ੈਲੀ ਹੋਈ ਹੈ ਜਿਸ ਕਾਰਨ ਅਸੀਂ ਆਪਣੀਆਂ ਧੀਆਂ ਨੂੰ ਆਵਦੇ ਤੋਂ ਨੀਵੇਂ-ਦਸੀਂਦੇ ਲੋਕਾਂ ਨਾਲ ਵਿਆਹੁਣ ਲਈ ਤਿਆਰ ਨਹੀਂ ਹੁੰਦੇ। ਇਸ ਨਾਟਕ ਵਿੱਚ ਹਰਪ੍ਰੀਤ ਨਾਂ ਦੀ ਪਾਤਰ ਆਪਣੇ ਤੋਂ ਨੀਵੀਂ ਜਾਤ ਦੇ ਮੁੰਡੇ ਨਾਲ ਪਿਆਰ ਤੇ ਵਿਆਹ ਕਰਵਾਉਣਾ ਚਾਹੁੰਦੀ ਹੈ ਪਰ ਉਹ ਉੱਚੀ ਜਾਤ ਦੇ ਕਿਸਾਨ ਦੀ ਧੀ ਹੋਣ ਕਾਰਨ ਮੌਤ ਦੀ ਬਲੀ ਚੜ੍ਹ ਜਾਂਦੀ ਹੈ।

ਹਰਪ੍ਰੀਤ ਇੱਕ ਪੜ੍ਹੀ ਲਿਖੀ ਮੁਟਿਆਰ ਹੈ। ਉਹ ਕਾਲਜ ਵਿੱਚ ਲੈਕਚਰਾਰ ਲੱਗੀ ਹੈ। ਉਸਦੀ ਗੁਰਬਾਣੀ ਵਿੱਚ ਡੂੰਘੀ ਸ਼ਰਧਾ ਹੈ। ਹਰਪ੍ਰੀਤ ਆਪਣੇ ਵਾਸਤੇ ਇੱਕ ਮੁੰਡਾ ਚੁਣਦੀ ਹੈ ਜੋ ਪੰਜਾਬੀ ਯੂਨੀਵਰਸਿਟੀ ਵਿੱਚ ਪੜ੍ਹਾਉਂਦਾ ਹੈਉਹ , ਪਰ ਨੀਵੀਂ ਜਾਤ ਦਾ ਹੋਣ ਕਾਰਨ ਉਸਦੇ ਮਾਪੇ ਇਸ ਗੱਲ ਤੇ ਇਤਰਾਜ ਜਤਾਉਂਦੇ ਹਨ। ,ਉਸਨੂੰ ਪਿਆਰ ਕਰਦੀ ਹੈ ਹਰਪ੍ਰੀਤ ਆਪਣੇ ਹੱਕ ਵਿੱਚ ਗੁਰਬਾਣੀ ਦੇ ਹਵਾਲੇ ਦਿੰਦੀ ਹੈ। ਨਾਟਕਕਾਰ ਇਕ ਥਾਂ ਸਖ਼ਤੀ ਉੱਤੇ ਉੱਤਰੇ ਹਰਪ੍ਰੀਤ ਦੇ ਪਿਤਾ ਸਰਦਾਰਾ ਸਿੰਘ ਕੋਲੋਂ ਇਥੋਂ ਤਕ ਅਖਵਾ ਦਿੰਦੀ ਹੈ।

**ਸਰਦਾਰਾ** :ਇੱਕ ਜੱਟ ਦੀ ਧੀ ਕਿਸੇ ਕੰਮੀ ਕਮੀਨ ਦੇ ਘਰ ਜਾ ਵਸੇ, ਇਹ ਸਿਧਾਂਤ ਵੀ ਗੁਰੂ ਸਾਹਿਬ ਨੇ ਦੱਸਿਐ ਹੋਣੈ ਤੈਨੂੰ।

ਇਵੇਂ ਹੀ ਸਰਦਾਰਾ ਸਿੰਘ ਹਰਪ੍ਰੀਤ ਲਈ ਧਮਕੀਆਂ ਉੱਤੇ ਉੱਤਰ ਆਉਂਦਾ ਹੈ-

ਸਰਦਾਰਾਂ: ਦਲੀਲਾਂ ਅੱਗੇ ਨਿਰ ਉੱਤਰ ਹੰਦਾ ਪਰ ਜਟ ਹਉਮੇ ਕਾਰਨ ਹਾਰ ਨਾ ਮੰਨਦਾ ਗੁੱਸੇ ਵਿੱਚ ਹੁੰਦਾ ਮੈਨੂੰ ਬਹੁਤ ਮਗਜ਼ਾਲੀ ਸੁਣਨ ਦੀ ਬਾਣ ਨੀ। ਕੰਨ ਖੋਲ੍ਹ ਕੇ ਸੁਣ ਲੈ ਤੂੰ ਆਵਦੀ ਜ਼ਿੱਦ ਨਾ ਛੱਡੀ ਤਾਂ ਇਸੇ ਥਾਂਤੇ ਗੱਡ ਦੂ ਜਿੱਥੇ ' ..........ਖੜ੍ਹੀ ਐ

'ਲੋਹੇ ਦਾ ਪੁੱਤ' ਇਕਾਂਗੀ ਵਿੱਚ ਨਾਟਕਕਾਰ ਨੇ ਇਸ ਪ੍ਰਕਾਰ ਦੀਆਂ ਸਮੱਸਿਆਵਾ ਨੂੰ ਬਿਆਨਿਆ ਹੈ ਜਿਸ ਵਿੱਚ ਉਹ ਜ਼ਮੀਨ ਦੀ ਧੁੜ੍ਹ, ਤੀਵੀਂ ਦੀ ਧੁੜ੍ਹ ਅਤੇ ਸਰਮਾਏਦਾਰੀ ਵੱਲੋਂ ਕਿਰਤੀਆਂ ਦੀ ਲੁੱਟ ਨੂੰ ਵੱਖਰੇ ਨਜ਼ਰੀਏ ਨਾਲ ਪੇਸ਼ ਕਰਦਾ ਹੈ। ਇਕਾਂਗੀ ਵਿੱਚ ਬਰਛੇ ਦੁਆਰਾ ਨਾਰੰਗੇ ਤੋਂ 2 ਮਹੀਨਿਆਂ ਦੀਆਂ ਦਿਹਾੜੀਆਂ ਮੰਗੀਆਂ ਜਾਂਦੀਆਂ ਹਨ ਪਰ ਉਹ ਉੱਚੀ ਜਾਤ ਦੇ ਕਿਸਾਨ ਦੀ ਧੀ ਹੋਣ ਕਾਰਨ ਮੌਤ ਦੀ ਬਲੀ ਚੜ੍ਹ ਜਾਂਦੀ ਹੈ।

'ਲੋਹੇ ਦਾ ਪੁੱਤ' ਇਕਾਂਗੀ ਵਿੱਚ ਨਾਟਕਕਾਰ ਨੇ ਇਸੇ ਪ੍ਰਕਾਰ ਦੀਆਂ ਸਮੱਸਿਆਵਾਂ ਨੂੰ ਬਿਆਨਿਆ ਹੈ ਜਿਸ ਵਿੱਚ ਉਹ ਜ਼ਮੀਨ ਦੀ ਧੁੜ੍ਹ, ਤੀਵੀਂ ਦੀ ਧੁੜ੍ਹ ਅਤੇ ਸਰਮਾਏਦਾਰੀ ਵੱਲੋਂ ਕਿਰਤੀਆਂ ਦੀ ਲੁੱਟ ਨੂੰ ਵੱਖਰੇ ਨਜ਼ਰੀਏ ਨਾਲ ਪੇਸ਼ ਕਰਦਾ ਹੈ। ਇਕਾਂਗੀ ਵਿੱਚ ਬਰਛੇ ਦੁਆਰਾ ਨਾਰੰਗੇ ਤੋਂ 2 ਮਹੀਨੀਆਂ ਦੀਆਂ ਦਿਹਾੜੀਆਂ ਮੰਗੀਆਂ ਜਾਂਦੀਆਂ ਹਨ ਪਰ ਨਾਰੰਗਾ ਬਰਛੇ ਨੂੰ ਬੁਰਾ ਭਲਾ ਕਹਿੰਦਾ ਹੈ ਜਿਸ ਕਾਰਨ ਬਰਛੇ ਦੁਆਰਾ ਨਾਰੰਗੇ ਤੇ ਹਮਲਾ ਕੀਤਾ ਜਾਂਦਾ ਹੈ। ਨਾਟਕ ਵਿੱਚ ਸੂਤਰਧਾਰ ਦੁਆਰਾ ਅਤੇ ਬਰਛੇ ਦੁਆਰਾ ਬੋਲੇ ਗਏ ਬੋਲ ਨਾਟਕ ਦੇ ਵਿਸ਼ੇ ਨੂੰ ਉਜਾਗਰ ਕਰਦੇ ਹਨ।

ਬਰਛਾ: ''ਸਭ ਤੋਂ ਖਤਰਨਾਕ ਉਹ ਅੱਖ ਹੁੰਦੀ ਹੈ'

ਜੋ ਸਭ ਕੁਝ ਦੇਖਦੀ ਹੋਈ ਵੀ ਠੰਢੀ ਯਖ ਹੁੰਦੀ ਹੈ।'

ਇਸ ਨਾਟਕ ਵਿੱਚ  ਬਰਛੇ ਨੂੰ ਨੀਵੀਂ ਜਾਤ ਦਾ ਹੋਣ ਕਰਕੇ ਨਫ਼ਰਤ ਦੀ ਨਿਗ੍ਹਾਂ ਨਾਲ ਦੇਖਿਆ ਜਾਂਦਾ ਹੈ। ਨਾਰੰਗਾ ਇਕ ਥਾਂ ਬਰਛੇ ਨੂੰ ਉਸਦੀ ਜਾਤ ਛੁਟਿਆਉਂਦਾ ਹੋਇਆ ਆਖਦਾ ਹੈ-

ਆਖਿਆ ਉਹੀ ਜੋ ਤੂ ਹੈ। ਹੋਰ ਮੈਂ ਝੂਠ ਆਖਿਆ।

ਕਿਵੇਂ ਸਿਰ ਚੜ੍ਹਦੀ ਆਉਂਦੀ ਐ ਕੁੱਤੀ ਜਾਤ।''

**ਪੁਲਿਸ ਅਤੇ ਸੁਰੱਖਿਆ ਸੇਵਾ ਬਲਾਂ ਦਾ ਨਿਰਦੋਸ਼ਾ ਉੱਪਰ ਤਸ਼ੱਦਦ:**

ਹਰਿਓ ਬੂਟ ਨਾਟਕ ਇੱਕ ਵੱਖਰੀ ਕਿਸਮ ਦਾ ਨਾਟਕ ਹੈ ਜੋ 1980 ਤੋਂ 1990 ਤੱਕ ਦੇ ਦਹਾਕੇ ਦੌਰਾਨ ਪੰਜਾਬ ਵਿੱਚ ਸੁਰੱਖਿਆ ਸੇਵਾ ਬਲਾਂ ਅਤੇ ਪੁਲਿਸ ਦੁਆਰਾ ਨਿਰਦੋਸ਼ ਲੋਕਾਂ ਉੱਪਰ ਕੀਤਾ ਤਸ਼ੱਦਦ ਅਤੇ ਸਾਧਾਰਣ ਤੇ ਨਿਰਦੋਸ਼ ਲੋਕਾਂ ਦੇ ਸੰਤਾਪ ਨੂੰ ਬਿਆਨ ਕਰਦਾ ਹੈ। ਉਸ ਸਮੇਂ ਪੁਲਿਸ ਅਤੇ ਸੇਵਾ ਬਲ ਵਾਲੇ ਸਾਧਾਰਨ ਲੋਕਾਂ ਨੂੰ ਮਨੁੱਖ ਨਹੀਂ ਸਮਝਦੇ ਸਨ। ਇੱਥੋਂ ਤੱਕ ਕਿ ਬੁਢਿਆਂ ਬੱਚਿਆਂ ਅਤੇ ਇਸਤਰੀਆਂ ਉੱਪਰ ਸਰੀਰਕ ਅਤੇ ਮਾਨਸਿਕ ਤਸ਼ੱਦਦ ਕੀਤੇ ਜਾਂਦੇ ਸਨ ਤੇ ਕਿਸੇ ਨੂੰ ਵੀ ਬਖਸਿਆਂ ਨਹੀਂ ਜਾਂਦਾ ਸੀ। ਨਾਟਕਕਾਰ ਨੇ ਇਹਨਾ ਘਟਨਾਵਾਂ ਨੂੰ ਵਿਸ਼ੇ ਵਜੋਂ ਪੇਸ਼ ਕੀਤਾ ਹੈ।

**ਭਰੂਣ ਹੱਤਿਆ ਅਤੇ ਨਾਰੀ ਚੇਤਨਾ**: ਔਲਖ ਨੇ ਆਪਣੇ ਇਸ ਨਾਟ ਸੰਗ੍ਰਹਿ ਵਿੱਚ ਭਰੂਣ ਹੱਤਿਆਂ ਅਤੇ ਨਾਰੀ ਚੇਤਨਾ ਨੂੰ ਵੀ ਵਿਸ਼ੇ ਵਜੋਂ ਲਿਆ ਹੈ। ਉਸਦੇ ਨਾਟਕ' ਕਲਖ ਹਨੇਰੇ' ਵਿੱਚ ਇਹ ਵਿਸ਼ਾ ਉੱਭਰ ਕੇ ਸਾਹਮਣੇ ਆਉਂਦਾ ਹੈ। ਇਸ ਨਾਟਕ ਵਿੱਚ ਪੜ੍ਹੇ ਲਿਖੇ ਸਮਾਜ ਦੀ ਇੱਕ ਬੁਰਾਈ ਭਰੂਣ ਹੱਤਿਆਂ ਨੂੰ ਵਿਸ਼ੇ ਵਜੋਂ ਬਾਖੂਬੀ ਪੇਸ਼ ਕੀਤਾ ਗਿਆ ਹੈ ਨਾਲ-ਨਾਲ ਹੀ ਇਸ ਹੱਲ ਦੱਸਣ ਦੀ ਵੀ ਕਾਮਯਾਬ ਕੋਸ਼ਿਸ ਕੀਤੀ ਗਈ ਹੈ ਜਿੱਥੇ ਮੈਡੀਕਲ ਸਾਇੰਸ ਦੀਆਂ ਖੋਜਾਂ ਆਦਮੀ ਦੇ ਜੀਵਨ ਨੂੰ ਬਿਹਤਰ ਬਣਾਉ ਵਿੱਚ ਯੋਗਦਾਨ ਪਾਉਂਦੀਆ ਹਨ ਜੇਕਰ ਇਨ੍ਹਾਂ ਖੋਜਾਂ ਦਾ ਗਲਤ ਇਸਤੇਮਾਲ ਕੀਤਾ ਜਾਵੇ ਤਾਂ ਸਿੱਟੇ ਹੋਰ ਵੀ ਭਿਆਨਕ ਹੋ ਸਕਦੇ ਹਨ। ਇਸੇ ਦੇ ਨਾਲ ਹੀ ਨਾਟਕਕਾਰ ਨੇ ਨਾਰੀ ਚੇਤਨਾ ਨੂੰ ਵੀ ਵਿਸ਼ੇ ਵਜੋਂ ਰੂਪਮਾਨ ਕੀਤਾ ਹੈ ਜਦੋਂ ਤੱਕ ਨਾਰੀ ਚੇਤੰਨ ਨਹੀਂ ਹੁੰਦੀ ਉਦੋਂ ਤੱਕ ਉਹ ਆਪਣੀ ਰੱਖਿਆ ਨਹੀਂ ਕਰ ਸਕਦੀ।

ਉਪਰੋਕਤ ਦੇ ਆਧਾਰ ਤੇ ਜੇਕਰ ਅਸੀਂ ਅਜਮੇਰ ਔਲਖ ਦੇ ਨਾਟਕਾਂ ਦੇ ਵਿਸ਼ਿਆਂ ਦੀ ਗੱਲ ਕਰੀਏ ਤਾਂ ਸਾਰੇ ਹੀ ਵਿਸ਼ੇ ਬੜੇ ਨਵੇਂ ਤਾਜਾ ਤੇ ਸਾਰਥਕ ਹਨ ਭਾਵੇਂ ਉਨ੍ਹਾਂ ਦੇ ਇਹ ਨਾਟਕ ਕਾਫ਼ੀ ਸਮਾਂ ਪਹਿਲਾ ਲਿਖੇ ਗਏ ਹਨ ਪਰ

ਅੱਜ ਵੀ ਇਹਨਾਂ ਦੇ ਵਿਸ਼ੇ ਨਵੀਨ ਤੇ ਸਾਰਥਕ ਹਨ। ਇਹ ਸਾਰੀਆਂ ਸਮੱਸਿਆਵਾਂ ਅਜੋਕੇ ਯੁੱਗ ਵਿੱਚ ਵੀ ਪੁਰਾਤਨ ਨਹੀਂ ਹੋਈਆਂ। ਔਲਖ ਨੇ ਆਪਣੇ ਇਨ੍ਹਾਂ ਲਘੂ ਨਾਟਕਾਂ ਵਿੱਚ ਮੁੱਖ ਤੌਰ ਤੇ ਛੋਟੀ ਕਿਸਾਨੀ ਦੀਆਂ ਤੰਗੀਆਂ, ਆੜ੍ਹਤੀਆਂ ਤੇ ਸਾਹਾਂ ਦੀ ਲੁੱਟ, ਅਖੌਤੀ ਨਿਮਨ ਜਾਤੀ ਪ੍ਰਤੀ ਨਫ਼ਰਤ ਸੁਰੱਖਿਆਂ ਬਲਾਂ ਦੇ ਪੁਲਿਸ ਦੁਆਰਾ ਨਿਰਦੋਸ਼ ਲੋਕਾਂ ਉੱਤੇ ਕੀਤੇ ਤਸ਼ੱਦਦ ਭਰੂਣ ਹੱਤਿਆ, ਨਾਰੀ ਚੇਤਨਾ ਆਦਿ ਨੂੰ ਵਿਸ਼ੇ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਉਨ੍ਹਾਂ ਨੇ ਬੜੇ ਹੀ ਸਰਲ ਤਰੀਕੇ ਤੇ ਕਲਾਮਈ ਢੰਗ ਨਾਲ ਪਾਤਰਾਂ ਦੇ ਵਾਰਤਾਲਾਪ ਅਤੇ ਨਾਟਕੀ ਜੁਗਤਾਂ ਰਾਹੀਂ ਇਨ੍ਹਾਂ ਵਿਸ਼ਿਆਂ ਨੂੰ ਬਾਖ਼ੂਬੀ ਨਿਭਾਇਆ ਹੈ।

**ਨਾਰੀ ਚੇਤਨਾ ( ਅਜਮੇਰ ਔਲਖ)**

ਅਜਮੇਰ ਸਿੰਘ ਔਲਖ ਪੰਜਾਬੀ ਸਾਹਿਤ ਦਾ ਵਿਲੱਖਣ ਤੇ ਚਰਚਿਤ ਨਾਂਅ ਹੈ ਉਹ ਇੱਕ ਗੰਭੀਰ ਤੇ ਸੁਚੇਤ ਕਿਸਮ ਦਾ ਨਾਟਕਕਾਰ ਹੈ। ਉਹ ਆਪਣੇ ਨਾਟਕਾਂ ਵਿੱਚ ਜੀਵਨ ਦੇ ਸੱਚ ਨੂੰ ਡੂੰਘਾਈ ਨਾਲ ਪੇਸ਼ ਕਰਨ ਵਾਲਾ ਸਮੱਰਥ ਨਾਟਕਕਾਰ ਹੈ। ਉਸਨੇ ਆਪਣੇ ਨਾਟਕਾਂ ਵਿੱਚ ਸਮਾਜ ਵਿਚਲੀਆਂ ਸਾਰੀਆਂ ਸਮੱਸਿਆਵਾਂ ਨੂੰ ਉਜਾਗਰ ਕਰਨ ਦੀ ਕੋਸ਼ਿਸ ਕੀਤੀ ਹੈ। ਇਨ੍ਹਾਂ ਸਮੱਸਿਆਵਾਂ ਦੇ ਨਾਲ-ਨਾਲ ਔਲਖ ਸਾਡੇ ਸਮਾਜ ਵਿੱਚ ਵਿਚਰਦੀ ਔਰਤ ਵਰਗ ਦੀ ਗੱਲ ਵੀ ਬੜੀ ਬੇਬਾਕੀ ਨਾਲ ਕਰਦਾ ਹੈ ਜਿਸ ਵਿੱਚ ਨਾਰੀ ਸੰਵੇਦਨਾ ਅਤੇ ਨਾਰੀ ਚੇਤਨਾ ਦੀ ਗੱਲ ਆਉਂਦੀ ਹੈ। ਨਾਰੀ ਚੇਤਨਾ ਉਹ ਹੈ ਜੋ ਨਾਰੀ ਆਪਣੇ ਹੱਕਾ ਅਤੇ ਸੁੰਤੰਤਰਤਾ ਦੀ ਰਾਖੀ ਲਈ ਘੱਟ ਜਾਂ ਵੱਧ ਮਾਤਰਾ ਵਿੱਚ ਰੱਖਦੀ ਹੈ। ਨਾਰੀ ਚੇਤਨਾ ਤੋਂ ਭਾਵ ਉਹ ਚੇਤਨਾ ਹੈ ਜੋ ਸੰਸਾਰ ਭਰ ਦੀਆਂ ਔਰਤਾਂ, ਔਰਤਾਂ ਹੋਣ ਕਾਰਨ ਰੱਖਦੀਆਂ ਹਨ ਅਤੇ ਇਹ ਉਨ੍ਹਾਂ ਦੇ ਔਰਤ ਹੋਣ ਕਾਰਨ ਹੀ ਮਰਦਾਂ ਤੋਂ ਵੱਖਰਾ ਹੁੰਦਾ ਹੈ।

ਔਲਖ ਦੇ ਨਾਟਕਾਂ ਦਾ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਉਸ ਦੇ ਨਾਟਕਾਂ ਵਿਚ ਕੁਝ ਪੁਰਸ਼ਾਂ ਵਾਂਗ ਇਸਤਰੀਆਂ ਵੀ ਚੇਤੰਨ ਹਨ। ਉਹ ਆਪਣੇ ਹੱਕਾਂ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹਨ ਅਤੇ ਲੋੜ ਪੈਣ ਤੇ ਹੱਕਾਂ ਦੀ ਰਾਖੀ ਲਈ ਸੰਘਰਸ਼ ਵੀ ਕਰਦੀਆਂ ਹਨ। ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ' ਨਾਟ ਸੰਗ੍ਰਹਿ ਵਿੱਚ ਔਲਖ ਨੇ ਨਾਰੀ ਚੇਤਨਾ ਨੂੰ ਉਜਾਗਰ ਕੀਤਾ ਹੈ। ਹੇਠ ਅਸੀਂ ਉਸਦੇ ਇਸ ਸੰਗ੍ਰਹਿ ਦੇ ਆਧਾਰ ਤੇ ਨਾਰੀ ਚੇਤਨਾ ਦਾ ਵਿਵੇਚਨ ਕਰਾਂਗੇ।

ਔਲਖ ਦਾ ਨਾਟ ਸੰਗ੍ਰਹਿ 'ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ' ਵਿੱਚ ਕੁੱਲ ਪੰਜ ਨਾਟਕ ਸ਼ਾਮਲ ਹਨ। ਇਨ੍ਹਾਂ ਵਿੱਚ ਚਾਰ ਲਘੂ ਨਾਟਕ ਹਨ ਅਤੇ ਇੱਕ ਇਕਾਂਗੀ ਇਨ੍ਹਾਂ ਨਾਟ ਰਚਨਾਵਾਂ ਵਿਚਲੀਆਂ ਇਸਤਰੀਆਂ ਦੁੱਖਾਂ ਦਾ ਸ਼ਿਕਾਰ ਤਾਂ ਹਨ ਹੀ ਪਰ ਕਈ ਸਥਿਤੀਆਂ ਵਿੱਚ ਉਹ ਸੁਚੇਤ ਰੂਪ ਵਿੱਚ ਆਪਣੇ ਹੱਕਾਂ ਲਈ ਲੜਦੀਆਂ ਵੀ ਦਿਖਾਈ ਦਿੰਦੀਆਂ ਹਨ। ਕਿਸੇ ਵੀ ਸਮਾਜ ਵਿੱਚ ਇਸਤਰੀ ਪੂਰਨ ਰੂਪ ਵਿੱਚ ਚੇਤੰਨ ਅਤੇ ਜਾਗਰੁਕ ਨਹੀਂ ਹੈ।

ਇਸ਼ਕ ਬਾਝ ਨਮਾਜ ਦਾ ਹੱਜ ਨਾਹੀ ਵਿਚਲੇ ਨਾਟਕ' 'ਇਸ਼ਕ ਬਾਝ ਨਮਾਜ ਦਾ ਹੱਜ ਨਾਹੀਂ' ਨਾਟ ਸੰਗ੍ਰਹਿ :ਹਰਿਓ ਬੂਟ' ,'ਅੰਨੇਰੀ ਕੋਠੜੀ' ਤੇ 'ਕਲਖ ਹਨੇਰੇ'। ਇਸ ਤੋਂ ਬਿਨ੍ਹਾਂ ਇਸ ਨਾਟ ਸੰਗ੍ਰਹਿ ਵਿੱਚ ਇਕ ਇਕਾਂਗੀ 'ਲੋਹੇ ਦਾ ਪੁੱਤ' ਵੀ ਸ਼ਾਮਿਲ ਹੈ। ਇਨ੍ਹਾਂ ਨਾਟ ਰਚਨਾ ਵਿਚਲੀਆਂ ਇਸਤਰੀਆਂ ਦੁੱਖਾਂ ਦਾ ਸ਼ਿਕਾਰ ਤਾਂ ਹਨ ਹੀਪਰ ਕਈ ਥਾਵਾਂ ਉੱਤੇ , ਸੁਚੇਤ ਅਤੇ ਜਾਗ੍ਰਿਤ ਇਸਤਰੀਆਂ ਵਜੋਂ ਵੀ ਸਾਡੇ ਸਾਹਮਣੇ ਪੇਸ਼ ਹੁੰਦੀਆਂ ਹਨ। ਉਹ

ਨਾਰੀ ਚੇਤਨਾ ਦੀ ਮਹੱਤਤਾ ਦੀ ਪਹਿਚਾਣ ਕਿਸੇ ਸਮਾਜ ਵਿੱਚ ਨਾਰੀ ਚੇਤਨਾ ਤਦ :ਹੀ ਵਿਕਸਤ ਹੁੰਦੀ ਹੈ ਜਦੋਂ ਉਸ ਸਮਾਜ ਵਿੱਚ  ਦੀ ਭਾਵਨਾ ਦੀ ਮਹੱਤਤਾ ਨੂੰ 'ਨਾਰੀ ਚੇਤਨਾ'ਸਮਝਿਆ ਅਤੇ ਸਵੀਕਾਰੀਆ ਜਾਵੇ ਜਿੱਥੋਂ ਤੱਕ ਇਨ੍ਹਾਂ ਨਾਟ ਰਚਨਾਵਾਂ ਦਾ ਸੰਬੰਧ ਹੈ। ਇਸ ਵਿੱਚਲੇ ਕੁਝ ਇਸਤਰੀ ਪਾਤਰ ਪੂਰੀ ਤਰ੍ਹਾਂ ਚੇਤੰਨ ਹੀ ਨਹੀਂ ਸਗੋਂ ਹੋਰ ਇਸਤਰੀਆਂ ਦੀ ਬੇਹਤਰੀ ਲਈ ਨਾਰੀ ਚੇਤਨਾ ਦੀ ਮਹੱਤਤਾ ਨੂੰ ਅਤਿ ਜ਼ਰੂਰੀ  ਸਮਝਦੇ  ਹਨ। ਉਦਾਹਰਨ ਵਜੋਂ ਬਲਦੀਪ ਇੱਕ ਪੜੀ ਲਿਖੀ ਇਸਤਰੀ ਹੈ। ਉਹ ਨ' ਦੀ 'ਕਲਖ ਹਨੇਰੇ'ਾਰੀ ਚੇਤਨਾ ਮੰਚ ਦੀ ਮੈਂਬਰ ਹੀ ਨਹੀਂ ਸਗੋਂ ਆਪਣੀਆਂ ਧੀਆਂ ਅਤੇ ਹੋਰ ਆਲੇਦੁਆਲੇ ਦੇ ਲੋਕਾਂ ਨੂੰ ਵੀ ਇਸਤਰੀ ਦੇ ਹੱਕਾਂ ਨਾਲ ਸੰਬੰਧਿਤ ਵਿਚਾਰਾਂ ਨਾਲ -:ਜੋੜਦੀ ਹੈ। ਨਾਟਕ ਵਿੱਚ ਉਹ ਇਕ ਥਾਂ ਆਪਣੀ ਧੀ ਨਵਜੋਤ ਨੂੰ ਆਖਦੀ ਹੈ

'ਕਾਇਆ ਕਲਪ ਹੋ ਜਾਵੇਗੀ ਇਸ ਸਮਾਜ ਦੀ ,ਜਿਸ ਦਿਨ ਇਸ ਦੇਸ਼ ਦੀ ਨਾਰੀ ਜਾਗ ਪਈ'

ਨਾਟਕ ਵਿਚਲੇ ਗੀਤ ਦੀਆਂ ਸਤਰ੍ਹਾਂ ਉਨ੍ਹਾਂ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਦੀਆਂ ਹਨ...

ਸਮੇਂ ਦੀ ਜੋਤ ਮੈਂ ਲੋਕਾ ਨਵੇਂ
ਮੈਨੂੰ ਉਡੀਕਨ ਨਵੇਂ ਸਵੇਰੇ
ਕਿਰਨਾਂ ਦਾ ਮੈਂ ਝਾੜੂ ਬਣ ਕੇ
!ਹੂੰਝ ਸੁੱਟਾਂਗੀ ਕਲਖ ਅੰਨ੍ਹੇਰੇ

ਗੁਰੂ ਨਾਨਕ ਦੇ ਦਰਸਾਏ ਰਾਹ ਤੇ ਚੱਲਣਾਨਾਰੀ ਦੀ ਪੁਰਸ਼ ਨਾਲ ਬਰਾਬਰੀ ਅਤੇ ਸਮਾਜ ਵਿੱਚ ਨਾਰੀ ਦੀ ਮਹੱਤਤਾ  : ਕੋਈ ਨਵ ੀ ਂ ਗੱਲ ਨਹੀਂ। ਇਸ ਸੰਬੰਧੀ ਤਾਂ ਗੁਰੂ ਨਾਨਕ ਦੇਵ ਜੀ ਅੱਜ ਤੋਂ ਲਗਭਗ ਪੰਜ ਸੌ ਸਾਲ ਪਹਿਲਾਂ ਆਖ ਚੁੱਕੇ ਹਨ ਅਤੇ ਆਉਣ ਵਾਲੇ ਲੋਕਾਂ ਦਾ ਪਹਿਲਾਂ ਹੀ ਮਾਰਗ ਦਰਸ਼ਨ ਕਰ ਚੁੱਕੇ ਹਨ। ਨਾਟਕ ਵਿੱਚ  'ਕਲਖ ਹਨੇਰੇ' ਨਵਜੋਤ ਗੁਰੂ ਨਾਨਕ ਦੇਵ ਜੀ ਦੁਆਰਾ ਇਸਤਰੀ ਦੇ ਹੱਕ ਵਿੱਚ ਉਠਾਈ ਆਵਾਜ਼ ਵਾਲੀ ਗੁਰਬਾਣੀ ਦੀਆਂ ਸਤਰਾਂ ਉਚਾਰਦੀ ਹੈ......

ਭੰਡ ਜੰਮੀਐ ਭੰਡ ਨਿੰਮੀਐ
ਭੰਡਿ ਮੰਗਣ ਵੀਆਹੁ।
ਭੰਡਹੁ ਹੋਵੈ ਦੋਸਤੀ,
ਭੰਡਹੁ ਚਲੈ ਰਾਹੁ।

**ਨਾਰੀ ਚੇਤਨਾ ਅਤੇ ਨਵੀਂ ਪੀੜ੍ਹੀ:**

ਇਨ੍ਹਾਂ ਨਾਟ ਰਚਨਾਵਾਂ ਵਿਚਲੀਆਂ ਇਸਤਰੀਆਂ ਪੂਰੀ ਤਰ੍ਹਾਂ ਚੇਤੰਨ ਹੀ ਨਹੀਂ ਸਗੋਂ ਹੋਰ ਇਸਤਰੀਆਂ ਦੀ ਬੇਹਤਰੀ ਲਈ ਨਾਰੀ ਚੇਤਨਾ ਦੀ ਮਹੱਤਤਾ ਨੂੰ ਅਤਿ ਜਰੂਰੀ ਸਮਝਦੇ ਹਨ। ਉਦਾਹਰਣ ਵਜੋਂ 'ਕਲਖ ਹਨੇਰੇ ਦੀ', ਬਲਦੀਪ ਇੱਕ ਪੜ੍ਹੀ ਲਿਖੀ ਇਸਤਰੀ ਹੈ ਉਹ ਨਾਰੀ ਚੇਤਨਾ ਮੰਚ ਦੀ ਮੈਂਬਰ ਹੈ ਅਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਅਤੇ ਧੀਆਂ ਨੂੰ ਇਸਤਰੀ ਦੇ ਹੱਕਾਂ ਪ੍ਰਤੀ ਜਾਗਰੁਕ ਕਰਕੇ ਉਨ੍ਹਾਂ ਨਾਲ ਸੰਬੰਧਿਤ ਵਿਚਾਰਾਂ ਨਾਲ ਜੋੜਦੀ ਹੈ। ਨਾਟਕ ਵਿੱਚ ਉਹ ਆਪਣੀ ਧੀ ਨਵਜੋਤ ਨੂੰ ਇੱਕ ਜਗ੍ਹਾਂ ਆਖਦੀ ਹੈ-

" ਜਿਸ ਦਿਨ ਇਸ ਦੇਸ਼ ਦੀ ਨਾਰੀ ਜਾਗ ਪਈ, ਕਾਇਆ-ਕਲਪ ਹੋ ਜਾਵੇਗੀ ਇਸ ਸਮਾਜ ਦੀ।"

ਏਥੇ ਹੀ ਬਸ ਨਹੀਂ 'ਬਲਦੀਪ' ਦੇ ਵਿਚਾਰਾਂ ਅਤੇ ਉਸਦੀ ਚੇਤਨਾ ਨੂੰ ਸਮਝ ਕੇ ਉਹ ਵੀ ਆਖਣ ਲੱਗ ਜਾਂਦੀ ਹੈ-

" ਬੁੱਢੀਆਂ ਪੁਰਾਣੀਆਂ ਗੱਲਾਂ, ਪੈਰਾਂ ਲਈ ਜੰਜ਼ੀਰਾਂ ਨੇ
ਕਰ ਜੇਰਾ ਤੇ ਤੋੜ ਜੰਜੀਰਾਂ, ਬਦਲ ਜਾਣਾ ਤਕਦੀਰਾਂ ਨੇ।"

ਨਵਜੋਤ ਜਿਹੀ ਨਵੀਂ ਪੀੜ੍ਹੀ ਹੋਰਨਾਂ ਮੁਟਿਆਰਾਂ ਨੂੰ ਵੀ ਕੁਝ ਕਰ ਗੁਜਰਨ ਲਈ ਪ੍ਰੇਰਿਤ ਕਰਦੀ ਹੈ।

ਉੱਠ ਕੁੜੇ ਦਿਨ ਵੱਡਾ ਚੜ੍ਹਿਆ,
ਪੰਧ ਪਏ ਸਿਰ ਦੂਰਾਂ ਦੇ।
ਤੇਰੀ ਖਾਤਰ ਕਈ ਮੁਸਾਫਿਰ,
ਅਟਕੇ ਨਾਲ ਅਧੂਰਾਂ ਦੇ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਜਿੱਥੇ ਇੱਕ ਮਾਂ ਆਪਣੇ ਹੱਕਾਂ ਲਈ ਚੇਤੰਨ ਹੈ ਉੱਥੇ ਉਸ ਘਰ ਦੀਆਂ ਧੀਆਂ ਅਤੇ ਹੋਰ ਨਵੀਂਆਂ ਪੀੜ੍ਹੀਆਂ ਨੂੰ ਵੀ ਇੱਕ ਵਿੱਖਰੇ ਤਰ੍ਹਾਂ ਦੀ ਚੇਤਨਾ ਮਿਲਦੀ ਹੈ ਤੇ ਉਹ ਆਪਣੇ ਹੱਕਾਂ ਦੀ ਸਿਰਜਣਾ ਵੱਲ ਤੁਰਦੀਆਂ ਹਨ।

**ਇੱਕ ਤਰਫ਼ਾ ਕਾਨੂੰਨ ਦਾ ਵਿਰੋਧ**: ਔਲਖ ਅਨੁਸਾਰ ਜਿਹੜੇ ਕਾਨੂੰਨ ਅਤੇ ਵਿਚਾਰ ਕੇਵਲ ਮਰਦਾ ਦੇ ਹੱਕ ਵਿੱਚ ਹੀ ਹਨ ਉਨ੍ਹਾਂ ਨੂੰ ਇੱਕ ਜਾਗ੍ਰਿਤ ਔਰਤ ਪ੍ਰਵਾਨ ਨਹੀਂ ਕਰਦੀ ਉਹ ਅਜਿਹੇ ਕਾਨੂੰਨਾਂ ਦਾ ਡੱਟ ਕੇ ਵਿਰੋਧ ਕਰਦੀ ਹੈ। ਭਾਵੇਂ

ਇਸ ਵਿੱਚ ਵਿਰੋਧ ਉਸਦੇ ਪਰਿਵਾਰਕ ਮੈਬਰਾਂ ਦਾ ਹੀ ਹੋ ਰਿਹਾ ਹੋਵੇ। ਅਸੀਂ ਦੇਖਦੇ ਹਾਂ ਕਿ 'ਕਲਖ ਹਨੇਰੇ' ਨਾਟਕ ਵਿੱਚ ਜਦੋਂ ਜਗਸੀਰ ਸਾਡੇ ਸਮਾਜ ਦੇ ਦਾਇਰੇ ਤੇ ਕਾਇਦੇ ਕਾਨੂੰਨ ਦੀ ਗੱਲ ਕਰਦਾ ਕਹਿੰਦਾ ਹੈ ਕਿ ਪੁੱਤ ਜਰੂਰ ਹੋਣ ਕੀ ਇਹ ਧਾਰਨਾ ਸਾਨੂੰ ਸਾਡੇ ਸਮਾਜ ਨੇ ਦਿੱਤੀ ਹੈ ਅਤੇ ਇਸ ਸਮਾਜ ਵਿੱਚ ਰਹਿਣਾ ਹੈ ਤਾਂ ਬਲਦੀਪ ਪਤੀ ਦੇ ਇਨ੍ਹਾਂ ਵਿਚਾਰਾਂ ਨੂੰ ਕੱਟਦੀ ਨਾਰੀ ਦੇ ਹੱਕ ਵਿੱਚ ਬੋਲਦੀ ਹੋਈ ਆਖਦੀ ਹੈ-

ਬਲਦੀਪ- ਗੁੱਸੇ ਅਤੇ ਵਿਰੋਧ ਦੇ ਭਾਵ ਨਾਲ ਹੋਰ ਦ੍ਰਿੜ ਪਰ
ਜਿਹੜੇ ਕਾਇਦੇ ਕਾਨੂੰਨ ਮਨੁੱਖ ਤੋਂ ਉਹਦੀ ਮਨੁੱਖਤਾ ਹੀ
ਖੋਹ ਲੈਣ,? ਇਕ ਵਹਿਸ਼ੀ ਦਰਿੰਦਾ ਕਾਤਿਲ ਬਣਾ ਧਰਨ
ਉਸਨੂੰ! ਉਨ੍ਹਾਂ ਨੂੰ ਮੰਨਿਆ ਹੀ ਕਿਉਂ ਜਾਵੇ? ਵਗਾਹ
ਕੇ ਪਰਾਂਹ ਕਿਉਂ ਨਾ ਮਾਰਿਆ ਜਾਵੇ?

**ਪੁੱਤ ਬਦਲੇ ਧੀ ਦੀ ਬਲੀ ਪ੍ਰਵਾਨ ਨਾ ਕਰਨਾ**: ਅੱਜ ਵੀ ਨਾਰੀ ਇੰਨੀ ਕੁ ਚੇਤੰਨ ਹੈ ਕਿ ਉਹ ਪੁੱਤਰ ਦੀ ਪ੍ਰਾਪਤੀ ਲਈ ਧੀ ਦੀ ਬਲੀ ਦੇਣ ਦੇ ਹੱਕ ਵਿੱਚ ਨਹੀਂ ਖੜਦੀ 'ਕਲਖ ਹਨੇਰੇ' ਨਾਟਕ ਵਿੱਚ ਅਸੀਂ ਦੇਖਦੇ ਹਾਂ ਕਿ ਜਦੋਂ ਬਲਦੀਪ ਦਾ ਪਤੀ ਉਸਨੂੰ ਅਲਟਰਾਸਾਊਂਡ ਕਰਾਉਣ ਲਈ ਕਹਿੰਦਾ ਹੈ ਤਾਂ ਉਹ ਮਨ੍ਹਾਂ ਕਰ ਦਿੰਦੀ ਹੈ ਤੇ ਆਖਦੀ ਹੈ ਕਿ-

ਬਲਦੀਪ: (ਮੋਹ ਵਿੱਚ ਭਿੱਜੀ) ਚਾਹੁੰਦੀ ਹਾਂ ਜਰੂਰ ਆਵੇ। ਇਸ ਵਾਰ ਲਾਲ
ਜਰੂਰ ਆਵੇ। ਦੋ ਭੈਣਾ ਦਾ ਵੀਰ ਜਰੂਰ ਆਵੇ। (ਮੁੜ ਦ੍ਰਿੜਤਾ ਨਾਲ)
ਪਰ ਜੇ ਉਹ ਕਿਸੇ ਕੁੜੀ ਦਾ ਕਤਲ ਕਰਵਾ ਕੇ ਆਏਗਾ ਤਾਂ ਮੈਂ
ਉਹਨੂੰ ਹਰਗਿਜ਼-ਹਰਗਿਜ਼ ਨਹੀਂ ਆਉਣ ਦਿਆਂਗੀ।

ਅੰਤ ਜਦ ਬਲਦੀਪ ਦਾ ਪਤੀ ਸ਼ਰਤ ਰੱਖ ਦਿੰਦਾ ਹੈ ਕਿ ਉਹ ਪਤੀ ਜਾਂ ਗਰਭ ਵਿੱਚ ਪਲ ਰਹੀ ਧੀ ਵਿੱਚ ਇਕ ਚੁਣ ਲਵੇ ਇਸ ਸਮੇਂ ਭਾਵੇਂ ਬਲਦੀਪ ਦੁਚਿੱਤੀ ਵਿੱਚ ਫਸ ਜਾਂਦੀ ਹੈ ਪਰ ਅੰਤ ਵਿੱਚ ਉਹ ਧੀ ਕੇ ਹੱਕ ਵਿੱਚ ਭੁਗਤਦੀ ਹੈ ਤੇ ਪਿੱਛੇ ਨਹੀਂ ਹੱਟਦੀ ਭਾਵੇਂ ਮੌਤ ਦਾ ਸ਼ਿਕਾਰ ਹੋ ਜਾਂਦੀ ਹੈ।

**ਵਰ ਦੀ ਚੋਣ ਲਈ ਹੱਕਾਂ ਪ੍ਰਤੀ ਜਾਗਰੂਕ**:

ਔਲਖ ਆਪਣੇ ਇਨ੍ਹਾਂ ਨਾਟਕਾਂ ਵਿੱਚ ਨਾਰੀ ਦਾ ਇਹ ਰੂਪ ਵੀ ਮਿਲਦਾ ਹੈ ਕਿ ਔਰਤ ਆਪਣੇ ਵਰ ਦੀ ਚੋਣ

ਸੰਬੰਧੀ ਹੱਕਾ ਲਈ ਪੂਰੀ ਤਰ੍ਹਾਂ ਜਾਗਰੂਕ ਹੈ। ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ ਦੀ ਨਾਇਕਾ ਹਰਪ੍ਰੀਤ ਆਪਣੇ ਪਰਿਵਾਰ ਨਾਲ ਜੋ ਕਿ ਸਿੱਖੀ ਵਿੱਚ ਵਿਸ਼ਵਾਸ ਰੱਖਦੇ ਖਾਂਦੇ-ਪੀਂਦੇ ਲੋਕ ਹਨ। ਹਰਪ੍ਰੀਤ ਕਾਲਜ ਵਿੱਚ ਲੈਕਚਰਾਰ ਲੱਗੀ ਹੋਈ ਹੈ। ਉਹ ਆਪਣਾ ਜੀਵਨ ਸਾਥੀ ਅਜਿਹੇ ਨੌਜਵਾਨ ਨੂੰ ਚੁਣਦੀ ਹੈ ਜੋ ਯੂਨੀਵਰਸਿਟੀ ਵਿਖੇ ਲੈਕਚਰਾਰ ਹੈ ਪਰ ਉਸਦਾ ਪਿਛੋਕੜ ਜੁੱਤੀਆਂ ਗੰਢਣ ਵਾਲੇ ਪਰਿਵਾਰ ਨਾਲ ਜੁੜਦਾ ਹੈ ਅਤੇ ਹਰਪ੍ਰੀਤ ਦਾ ਪਰਿਵਾਰ ਇਸਦੇ ਵਿਰੁੱਧ ਜਾਂਦਾ ਹੈ। ਹਰਪ੍ਰੀਤ ਆਪਣੀ ਚੋਣ ਨੂੰ ਜਾਇਜ਼ ਕਰਾਰ ਦਿੰਦੀ ਹੋਈ ਆਪਣੇ ਪਰਿਵਾਰ ਦੀ ਸੋਚ ਨੂੰ ਕੋਸਦੀ ਹੈ।

**ਆਪਦੇ ਹੱਕਾਂ ਲਈ ਲੜਦੀ**:

ਔਲਖ ਨੇ ਇਨ੍ਹਾਂ ਨਾਟਕਾਂ ਵਿੱਚ ਨਾਰੀ ਦੀ ਉਹ ਤਸਵੀਰ ਪੇਸ਼ ਕੀਤੀ ਹੈ ਜਿਸ ਵਿੱਚ ਉਹ ਆਰਥਿਕ ਹੱਕਾਂ ਲਈ ਪਹਿਲਾ ਬੇਗਾਨਿਆਂ ਨਾਲ ਮਗਰੋਂ ਆਪਣਿਆਂ ਨਾਲ ਲੜਦੀ ਹੈ। ਨਾਟਕ ਦੀ ਕਥਾ ਵਸਤੂ ਅਨੁਸਾਰ ਜਦੋਂ ਪਰਤਾਪਾ ਪਾਪੀ ਤੇ ਉਸਦੇ ਸਾਥੀ ਖੇਤ ਵਿੱਚ ਹਲ ਵਾਹੁੰਦੇ ਤੋਤੇ ਨੂੰ ਜ਼ਮੀਨ ਵਿੱਚੋਂ ਬਾਹਰ ਨਿਕਲਣ ਲਈ ਆਖਦੇ ਹਨ ਤਦ ਬੇਬੇ ਆਪਣੇ ਜੇਠ ਦੀ ਸਹਾਇਤਾ ਲਈ ਮੈਦਾਨ ਵਿੱਚ ਨਿਤਰ ਆਉਂਦੀ ਹੈ। ਉਹ ਵਿਰੋਧੀਆਂ ਨੂੰ ਲਲਕਾਰਦੀ ਹੋਈ ਆਖਦੀ ਹੈ

ਬੇਬੇ: ਉਸੇ ਤਰ੍ਹਾਂ ਬਾਹ ਕੱਢ ਕੇ ਲਲਕਾਰਦੀ ਜਿਵੇਂ ਜਵਾਨੀ ਵੇਲੇ ਲਲਕਾਰਦੀ ਸੀ

ਹੱਟ ਜੋ ਪਰੇ ਮੇਰੇ ਪਿਉ-ਦਿਉ ਸਾਲਿਉ! ਇਹ ਖੇਤ ਸਾਡੇ ਨੇ

ਨਿਕਲ ਜੋ ਬਾਹਰ ਦੁਸ਼ਟੋ! ਨਹੀਂ ਤਾਂ 'ਕੱਲੇ-ਕੱਲੇ ਨੂੰ ਪਾੜ ਕੇ ਖਾ ਜੂੰ!

**ਆਪਣੀ ਇੱਜ਼ਤ ਦੀ ਖੁਦ ਰਖਵਾਲੀ:** 'ਹਰਿਓ ਬੂਟ' ਨਾਟ ਰਚਨਾ ਵਿੱਚ ਇਸਤਰੀ ਦਾ ਇਕ ਹੋਰ ਰੂਪ ਉੱਭਰ ਕੇ ਸਾਹਮਣੇ ਆਉਂਦਾ ਹੈ-ਇਸਤਰੀ ਆਪਣੀ ਇੱਜਤ ਦੀ ਖੁਦ ਰਖਵਾਲਣ ਹੈ। ਇਸ ਨਾਟਕ ਵਿੱਚ ਨਾਟਕਕਾਰ ਨੇ ਬਲਜੀਤ ਦਾ ਅਜਿਹਾ ਕਿਰਦਾਰ ਪੇਸ਼ ਕੀਤਾ ਹੈ ਕਿ ਉਹ ਆਪਣੀ ਇੱਜ਼ਤ ਦੀ ਰੱਖਵਾਲੀ ਖੁਦ ਕਰਨ ਦੇ ਸਮਰੱਥ ਦਿਸਦੀ ਹੈ ਜਦੋਂ ਐਸ.ਐਸ. ਪੀ. ਕੜਕਵੀ ਅਵਾਜ਼ ਵਿੱਚ ਹੁਕਮ ਕਰਦਾ ਹੈ ਕਿ ਜੇ ਇਹ ਲੋਕ ਅੱਤਵਾਦੀਆਂ ਨਾਲ ਰਲੇ ਬਿੰਦਰ ਨੂੰ ਨਹੀਂ ਪਕੜਵਾਉਂਦੇ ਤਦ ਇਨ੍ਹਾਂ ਦੀਆਂ ਇਸਤਰੀਆਂ ਦੇ ਕੱਪੜੇ ਪਾੜ ਦਿਉ, ਤਦ ਬਲਜੀਤ ਸ਼ੇਰਨੀ ਬਣਕੇ ਦਹਾੜਦੀ ਹੈ-

ਬਲਜੀਤ: ਮੇਰੇ ਨੇੜੇ ਨਾ ਲੱਗਿਉ ਦੁਸ਼ਟੋ! ਖ਼ਬਰਦਾਰ ਜੇ ਮੇਰੀ ਪਵਿੱਤਰ

ਕਾਇਆ ਨੂੰ ਹੱਥ ਲਾਇਆ ਤਾਂ! ਮੈਂ ਦਸਮੇਸ਼ ਪਿਤਾ ਦੀ ਪੁੱਤਰੀ

ਆ, ਆਪਣੀ ਆਬਰੂ ਦੀ ਰਾਖੀ ਕਰਨਾ ਜਾਣਦੀ ਆ! ਖ਼ਬਰਦਾਰ!

ਖ਼ਬਰਦਾਰ! ਖ਼ਬਰਦਾਰ! ਖ਼ਬਰਦਾਰ!

ਉਪਰੋਕਤ ਚਰਚਾ ਦੇ ਆਧਾਰ ਤੇ ਅਸੀ ਕਹਿ ਸਕਦੇ ਹਾਂ ਕਿ ਔਲਖ ਦੇ ਇਨ੍ਹਾਂ ਨਾਟਕਾਂ ਵਿੱਚ ਨਾਰੀ ਚੇਤਨਾ ਦਾ ਰੂਪ ਵੀ ਮਿਲਦਾ ਹੈ ਜੋ ਆਪਣੇ ਆਰਥਿਕ, ਸਮਾਜਿਕ ਹੱਕਾਂ ਪ੍ਰਤੀ ਜਹਾਗਰੂਕ ਹੋਣ ਦੇ ਨਾਲ-ਨਾਲ ਉਨ੍ਹਾਂ ਨਾਲ ਨਜਿੱਠਣ ਦੀ ਕੋਸ਼ਿਸ਼ ਵੀ ਕਰਦੀ ਹੈ ਭਾਵੇਂ ਉਸਦੇ ਸਾਹਮਣੇ ਆਪਣੇ ਜਾਂ ਪਰਾਏ ਕੋਈ ਵੀ ਧਿਰ ਕਿਉਂ ਨਾ ਹੋਵੇ। ਉਹ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਪ੍ਰੇਰਿਤ ਕਰਦੀਆਂ ਹਨ ਤਾਂ ਜੋ ਇਸ ਸਮਾਜ ਵਿੱਚ ਨਾਰੀ ਚੇਤਨਾ ਜਾਗਰੂਕ ਰਹੇ। ਉਹ ਆਪਣੀ ਇੱਜ਼ਤ ਤੇ ਹਮਲਾ ਹੁੰਦੇ ਦੇਖ ਲੜਨ ਮਰਨ ਲਈ ਵੀ ਤਿਆਰ ਰਹਿੰਦੀ ਹੈ। ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਔਲਖ ਦੇ ਇਨ੍ਹਾਂ ਨਾਟਕਾਂ ਵਿਚਲੀਆਂ ਇਸਤਰੀਆਂ ਆਪਣੇ ਹੱਕਾਂ ਲਈ ਕਾਫ਼ੀ ਹੱਦ ਤੱਕ ਜਾਗਰੂਕ ਤੇ ਚੇਤੰਨ ਹਨ। ਔਲਖ ਇੱਕ ਸੁਚੇਤ ਅਤੇ ਪ੍ਰੋੜ ਬੁੱਧੀ ਵਾਲਾ ਨਾਟਕਕਾਰ ਹੈ। ਉਸਨੇ ਆਪਣੇ ਨਾਟਕਾਂ ਵਿੱਚ ਨਿਮਨ ਕਿਸਾਨੀ ਨਾਲ ਸੰਬੰਧਿਤ ਸਮਾਜਿਕ ਅਤੇ ਆਰਥਿਕ ਵਿਸ਼ੇ ਨਿਭਾਉਣ ਦੇ ਨਾਲਨਾਲ ਨਾਰੀ ਸੰਵੇਦਨਾ ਅਤੇ - ਦੀ ਪੜ੍ਹੀ ਲਿਖੀ ਔਰਤ ਦੀ ਚੇਤਨਾ ਨੂੰ ਆਪਣੇ ਨਾਟਕਾਂ ਵਿਚ ਨਾਰੀ ਚੇਤਨਾ ਦੀ ਬਾਤ ਵੀ ਪਾਈ ਹੈ। ਉਹ ਨਵੀਂ ਪੀੜ੍ਹੀ ਉਜਾਗਰ ਕਰਦਾ ਹੈ। ਉਹ ਭਾਵੇਂ ਇਸ਼ਕ ਬਾਝ ਨਮਾਜ਼ ਦਾ ਹੱਜ ਨਾਂਹੀ ਦੀ ਹਰਪ੍ਰੀਤ ਹੋਵੇ ਤੇ ਭਾਵੇਂ ਦੀ 'ਕਲਖ ਹਨੇਰੇ' ਪੜ੍ਹੀ ਲਿਖੀ ਬਲਦੀਪ ਹੋਵੇ ਉਨ੍ਹਾਂ ਨੂੰ ਸਾਰੀਆਂ ਇਸਤਰੀਆਂ ਪਾਤਰਾਂ ਨੂੰ ਨਾਰੀ ਦੀ ਚੇਤਨਾ ਦਾ ਧੁਰਾ ਬਣਾ ਕੇ ਪੇਸ਼ ਕਰਦਾ ਹੈ।

**ਸਮਾਂ ਮੰਗ ਕਰਦਾ ਹੈ (ਕੇਵਲ ਧਾਲੀਵਾਲ)**

ਸਮਾਂ ਮੰਗ ਕਰਦਾ ਹੈ 'ਨਾਟ ਪੁਸਤਕ' ਪੰਜਾਬੀ ਦੀ ਆਧੁਨਿਕ ਪੀੜ੍ਹੀ ਦੇ ਪ੍ਰਸਿੱਧ ਨਾਟਕਕਾਰ ਨਿਰਦੇਸ਼ਕ ਅਤੇ ਕਲਾਕਾਰ ਕੇਵਲ ਧਾਲੀਵਾਲ ਦੁਆਰਾ ਸੰਪਾਦਿਕ ਨਾਟ ਸੰਗ੍ਰਹਿ ਹੈ। ਇਸ ਪੁਸਤਕ ਵਿੱਚ ਛੇ ਨਾਟ ਰਚਨਾਵਾਂ ਸ਼ਾਮਿਲ ਹਨ- ਅਰਮਾਨ (ਲਘੂ ਨਾਟਕ), ਫਾਈਲ ਚਲਦੀ ਰਹੀ (ਇਕਾਂਗੀ) ਘੁਟਦੇ ਸਾਹਾਂ ਦੀ ਕਹਾਣੀ (ਇਕਾਂਗੀ), ਪਰਛਾਵੇਂ ਬੋਲ ਪਏ (ਇਕਾਂਗੀ), ਗੁੰਮਸ਼ੁਦਾ(ਲਘੂ ਨਾਟਕ) ਅਤੇ ਸਮਾਂ ਮੰਗ ਕਰਦਾ ਹੈ (ਇਕਾਂਗੀ)। ਇਸ ਪੁਸਤਕ ਬਾਰੇ ਕੇਵਲ ਧਾਲੀਵਾਲ ਦੇ ਸ਼ਬਦ ' ਇਹ ਸਾਰੇ ਹੀ ਨਾਟਕ ਸਾਡੇ ਆਲੇ-ਦੁਆਲੇ ਫੈਲੇ ਵਹਿਮ-ਭਰਮ, ਭ੍ਰਿਸ਼ਟਾਚਾਰੀ ਪ੍ਰਬੰਧ ਪੁਲਿਸ ਦਮਨ, ਔਰਤਾਂ 'ਤੇ ਹੁੰਦੇ ਅੱਤਿਆਚਾਰ, ਪ੍ਰਦੂਸ਼ਣ, ਖੋਖਲੀ ਅਜ਼ਾਦੀ ਅਤੇ ਭ੍ਰਿਸ਼ਟ ਨੇਤਾਵਾਂ ਦੇ ਪਾਜ ਉਘਾੜਦੇ ਅੱਜ ਦੇ ਸਮੇਂ ਦੀ ਬਾਤ ਪਾਉਂਦੇ ਨੇ।' ਆਮ ਤੌਰ ਤੇ ਲਘੂ ਨਾਟਕ ਵਿੱਚ ਇੱਕ ਵਿਸ਼ੇ ਤੋਂ ਵਧੀਕ ਵਿਸ਼ੇ ਹੁੰਦੇ ਹਨ। ਇੱਕ ਮੁੱਖ ਵਿਸ਼ਾ ਅਤੇ ਕੁਝ ਉਪ ਵਿਸ਼ੇ ਪਰ ਇਕਾਂਗੀ ਵਿੱਚ ਵਧੇਰੇ ਕਰਕੇ ਇੱਕ ਵਿਸ਼ਾ  ਨਿਭਾਇਆ ਗਿਆ ਹੁੰਦਾ ਹੈ ਹੁਣ ਅਸੀਂ ਹੱਥਲੇ ਨਾਟ ਸੰਗ੍ਰਹਿ ਵਿਚਲੇ ਨਾਟਾਂ ਦਾ ਵਿਸ਼ੇਗਤ ਅਧਿਐਨ ਪੇਸ਼ ਕਰ ਰਹੇ ਹਾਂ।

ਸਮਾਂ ਮੰਗ ਕਰਦਾ ਹੈ' ਪੁਸਤਕ ਵਿੱਚ ਲਘੂ ਨਾਟਕ 'ਅਰਮਾਨ' ਜਤਿੰਦਰ ਬਰਾੜ ਦਾ ਲਿਖਿਆ  ਹੋਇਆ ਹੈ। ਕਹਾਣੀ ਵਿੱਚ ਸੁਨੀਲ ਨਾਂ ਦ ਪਾਤਰ ਦੇ ਮਾਤਾ-ਪਿਤਾ ਉਸਨੂੰ ਡਾਕਟਰ ਬਣਾਉਣਾ ਚਾਹੁੰਦੇ ਹਨ ਪਰ ਉਨ੍ਹਾਂ ਦੇ ਪੁੱਤ ਦੀ ਇਸ ਵਿੱਚ ਕੋਈ ਦਿਲਚਸਪੀ ਨਹੀਂ ਹੈ। ਮਾਤਾ-ਪਿਤਾ ਦੇ ਦਬਾਅ ਸਦਕਾ ਸੁਨੀਲ ਭਟਕ ਜਾਂਦਾ ਹੈ ਤੇ ਬੁਰੀ ਸੰਗਤ ਕਾਰਨ ਨਸ਼ਿਆਂ ਵਿੱਚ ਪੈ ਜਾਂਦਾ ਹੈ ਅਤੇ ਅਖੀਰ ਉਸਦੀ ਮੌਤ ਹੋ ਜਾਂਦੀ ਹੈ। ਲੇਖਕ ਨੇ ਇਸ ਲਘੂ ਨਾਟਕ ਵਿੱਚ ਬੱਚੇ ਦੀ ਯੋਗਤਾ, ਰੁਚੀ, ਰੁਝਾਨ, ਬੁੱਧੀ ਅਤੇ ਸਮਰੱਥਾ ਅਨੁਸਾਰ ਹੀ ਉਸਦੇ ਭਵਿੱਖ ਦੀ ਯੋਜਨਾ ਬਣਾਉਣੀ ਚਾਹੀਦੀ ਹੈ। ਵਿਸ਼ੇ ਬਾਰੇ ਧਾਰਨਾ ਪੇਸ਼ ਕੀਤੀ ਹੈ। ਮੁੱਖ ਵਿਸ਼ੇ ਤੋਂ ਬਿਨ੍ਹਾਂ ਲੇਖਕ ਨੇ ਵਧੇਰੇ ਲਾਡ ਪਿਆਰ ਬੱਚੇ ਨੂੰ ਵਿਗਾੜ ਦਿੰਦੇ ਹਨ ਨੂੰ ਉੱਪ ਵਿਸ਼ੇ ਦੇ ਤੌਰ ਤੇ ਪੇਸ਼  ਕੀਤਾ ਹੈ। ਨੌਜਵਾਨ ਪੀੜ੍ਹੀ ਨਸ਼ਿਆਂ ਦੀ ਵਰਤੋਂ ਕਾਰਨ ਬਰਬਾਦੀ ਵੱਲ ਵੱਧ ਰਹੀ ਹੈ। ਬੱਚਿਆਂ ਨੂੰ ਆਪਣੀ ਬੁੱਧੀ ਅਤੇ ਸਮੱਰਥਾ ਮੁਤਾਬਕ ਵਿਸ਼ੇ ਚੁਣਨ ਅਤੇ ਕਾਰਜ ਖੇਤਰ ਵੱਲ ਵਧਣ ਦੀ ਗੱਲ ਪੇਸ਼ ਕੀਤੀ ਗਈ ਜਿਆਦਾ ਦਬਾਅ ਕਾਰਨ ਬੱਚੇ ਆਪਣੀ ਮਾਨਸਿਕ ਸ਼ਮਤਾ ਖੋ ਬੈਠਦੇ ਹਨ ਤੇ ਉਹ ਤਣਾਓ ਦਾ ਸ਼ਿਕਾਰ ਹੋ ਜਾਂਦੇ ਹਨ, ਜਿਸ ਕਾਰਨ ਜਾਤ ਤਾ ਉਹ ਨਸ਼ਿਆਂ ਵਿੱਚ ਪੈ ਜਾਂਦੇ ਹਨ ਜਾਂ ਫੇਰ ਉਹ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ ਜਿਵੇਂ ਨਾਟਕ ਵਿਚਲੇ ਪਾਤਰ ਸੁਨੀਲ ਨਾ ਹੁੰਦੀ ਹੈ।

ਇਸ ਲਘੂ ਨਾਟਕ ਦੇ ਵਿਸ਼ਿਆਂ ਦੀ  ਗੱਲ ਵਿੱਚ ਇਹ ਅੱਜ ਦੇ ਯੁੱਗ ਵਿੱਚ ਤਾਜ਼ੇ, ਨਵੀਨ ਅਤੇ ਸਾਰਥਕ ਹਨ।

ਸਮਾਜ ਇਨ੍ਹਾਂ ਵਿਸ਼ਿਆਂ ਦੀ ਮੰਗ ਤੇ ਲੋੜ ਮਹਿਸੂਸ ਕਰ ਰਿਹਾ ਹੈ। 'ਫਾਈਲ ਚਲਦੀ ਰਹੀ' ਇਸ ਸੰਗ੍ਰਹਿ ਦੀ ਦੂਜੀ ਨਾਟ ਰਚਨਾ ਹੈ। ਇਹ ਇੱਕ ਇਕਾਂਗੀ ਹੈ ਜਿਸਦੀ ਰਚਨਾ ਜਤਿੰਦਰ ਬਰਾੜ ਨੇ ਕੀਤੀ ਹੈ। ਇਹ ਇਕਾਂਗੀ ਉਰਦੂ ਦੇ ਪ੍ਰਸਿੱਧ ਕਹਾਣੀਕਾਰ ਕ੍ਰਿਸ਼ਨ ਚੰਦਰ ਦੀ ਕਹਾਣੀ 'ਤੇ ਅਧਾਰਿਤ ਹੈ। ਇਸ ਇਕਾਂਗੀ ਵਿੱਚ ਲੇਖਕ ਨੇ ਸਾਡੀ ਵਰਤਮਾਨ ਦਫ਼ਤਰ ਅਤੇ ਪ੍ਰਸ਼ਾਸਨ ਦੀ ਕਾਰਜ ਸ਼ੈਲੀ ਨੂੰ ਵਿਸ਼ਾ ਬਣਾਇਆ ਹੈ। ਇਕਾਂਗੀ ਅਨੁਸਾਰ ਸਿਸਟਮ ਇੰਨਾ ਵਿਗੜ ਗਿਆ ਹੈ ਕਿ ਇੱਥੇ ਮਰ ਰਹੇ ਆਦਮੀ ਦਾ ਫਿਕਰ ਨਹੀਂ ਹੁੰਦਾ, ਸਗੋਂ ਦਫ਼ਤਰੀ ਤੇ ਕਾਗਜ਼ੀ ਕਾਰਵਾਈ ਉੱਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਹੈ ਮਰ ਰਹੇ ਵਿਅਕਤੀ ਨੂੰ ਬਚਾਉਣ ਦੀ ਥਾਂ ਗੱਲ ਅੱਗੇ ਤੋਂ ਅੱਗੇ ਸੁੱਟੀ ਜਾਂਦੀ ਹੈ।

ਇਕਾਂਗੀ ਵਿੱਚ ਇਕਾਂਗੀਕਾਰ ਨੇ ਅਨੇਕਾਂ ਲੋਕਾਂ ਦੇ ਕੰਮ, ਉਨ੍ਹਾਂ ਦੀਆਂ ਲੋੜਾਂ, ਸਮੱਸਿਆਵਾਂ ਆਦਿ ਫਾਈਲਾਂ ਵਿੱਚ ਦੱਬੇ ਰਹਿ ਜਾਣ ਵੱਲ ਸੰਕੇਤ ਕੀਤਾ ਹੈ। ਲੋਕ ਆਪਣੀਆਂ ਮੁਸੀਬਤਾਂ ਵਿੱਚ ਹਨ ਕਿਸੇ ਕੰਮ ਨੂੰ ਕਰਵਾਉਣ ਲਈ ਉਹ ਰਿਸ਼ਵਤ ਦੇ ਨਹੀਂ ਸਕਦੇ ਪਰ ਪ੍ਰਸ਼ਾਸਨ ਦੀ ਗਲਤ ਕਾਰਜ ਸ਼ੈਲੀ ਕਾਰਨ ਉਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਦਾ ਕੋਈ ਹੱਲ ਜਾਂ ਇਲਾਜ ਨਹੀਂ ਮਿਲਦਾ। ਇਕਾਂਗੀ ਦੇ ਵਿਸ਼ੇ ਮੁਤਾਬਕ ਸਾਡਾ ਸਮਾਜ ਇਨ੍ਹਾਂ ਲੋੜਾਂ ਦੀ ਪੂਰਤੀ ਅਤੇ ਸਮੱਸਿਆਵਾਂ ਦੇ ਹੱਲ ਦੀ ਮੰਗ ਕਰਦਾ ਹੈ।

ਇਸ ਨਾਟ ਸੰਗ੍ਰਹਿ ਦੀ ਤੀਜੀ ਨਾਟ ਰਚਨਾ 'ਘਟਦੇ ਸਾਹਾਂ ਦੀ ਕਹਾਣੀ' ਹੈ ਜਿਸ ਦੀ ਰਚਨਾ ਪੰਜਾਬੀ ਦੇ ਆਲੋਚਕ ਤੇ ਨਾਟਕਕਾਰ ਡਾ. ਸਤੀਸ਼ ਕੁਮਾਰ ਨੇ ਕੀਤੀ ਹੈ। ਇਸ ਇਕਾਂਗੀ ਦਾ ਵਿਸ਼ਾ ਵਾਤਾਵਰਨ ਦੀ ਸ਼ੁੱਧਤਾ ਵੱਲ ਸੰਕੇਤ ਕਰਦਾ ਹੈ। ਨਾਟਕਕਾਰ ਨੇ ਇਸ ਇਕਾਂਗੀ ਦੇ ਵਿਸ਼ੇ ਵਿੱਚ ਪੱਤਿਆਂ ਦੇ ਧੂੰਏ, ਪਲਾਸਟਿਕ ਦੀ ਵਰਤੋਂ ਵੱਧ ਰਹੇ ਸ਼ੋਰ ਆਦਿ ਦੇ ਪ੍ਰਦੂਸ਼ਣ ਕਾਰਨ ਵਾਤਾਵਰਨ ਦੀ ਜੋ ਸ਼ੁੱਧਤਾ ਤੇ ਪਏ ਅਸਰ ਨੂੰ ਲਿਆ ਹੈ। ਇਕਾਂਗੀ ਵਿੱਚ ਨਾਟਕਕਾਰ ਨੇ ਪੰਜਾਬੀ ਦੀ ਨਹੀਂ ਸਗੋਂ ਸਮੁੱਚੇ ਸੰਸਾਰ ਦੀ ਪ੍ਰਜਵਲਿਤ ਅਤੇ ਮਘਦੀ ਸਮੱਸਿਆ ਨੂੰ ਛੋਹਿਆ ਹੈ। ਸਤੀਸ਼ ਕੁਮਾਰ ਵਰਮਾ ਸਾਡੇ ਵਾਤਾਵਰਨ ਦੇ ਦਿਨੋਂ ਦਿਨ ਨਿਗਰਾਣ 'ਤੇ ਚਿੰਤਾ ਜ਼ਾਹਿਰ ਕਰਦੇ ਹੋਏ ਸਾਡੀ ਪੀੜ੍ਹੀ ਨੂੰ ਇਸ ਸਾਂਭ ਸੰਭਾਲ ਤੇ ਦੇਖ ਰੇਖ ਤੇ ਜ਼ੋਰ ਦੇਣ ਵੱਲ ਧਿਆਨ ਕੇਂਦਰਿਤ ਕਰਦਾ ਹੈ। ਉਸ ਅਨੁਸਾਰ ਸਾਡਾ ਸ਼ੁੱਧ ਵਾਤਾਵਰਨ ਹੀ ਚੰਗੀ ਸਿਹਤ ਤੇ ਆਉਣ ਵਾਲੀ ਪੀੜ੍ਹੀ, ਪੀੜ੍ਹੀ ਹੀ ਨਹੀਂ ਸਗੋਂ ਸਾਡੇ ਆਲੇ ਦੁਆਲੇ ਤੇ ਸਾਡੇ ਸੰਸਾਰ ਨੂੰ ਨਵੀਂ ਜ਼ਿੰਦਗੀ ਦੇ ਸਕਦਾ ਹੈ। ਇਕ ਸ਼ੁੱਧ ਵਾਤਾਵਰਣ ਵਿੱਚ ਹੀ ਅਸੀਂ ਸੌਖੀ, ਸੋਹਣੀ ਜ਼ਿੰਦਗੀ ਜਿਉਂ ਸਕਦੇ ਹਾਂ।

ਇਕਾਂਗੀ ਵਿੱਚ ਡਾ. ਸਤੀਸ਼ ਕੁਮਾਰ ਵਰਮਾ ਵੱਲੋਂ ਲਿਆ ਗਿਆ ਇਹ ਵਿਸ਼ਾ ਸ਼ਾਇਦ ਪਹਿਲੀ ਜਾਂ ਦੂਜੀ ਨਾਟ ਰਚਨਾ ਹੈ। ਇਹ ਵਿਸ਼ਾ ਨਵੀਨ ਤੇ ਪੁਰਾਤਨ ਸਥਿਤੀਆਂ ਅਨੁਸਾਰ ਅੱਜ ਦੇ ਸਮੇਂ ਦੀ ਵੱਡੀ ਮੰਗ ਹੈ ਅਤੇ ਅਜਿਹੇ

ਇਕਾਂਗੀ ਵਰਤਮਾਨ ਸਮਾਜ ਦਾ ਵਧੀਆਂ ਉਪਰਾਲਾ ਹਨ।

ਇਸ ਨਾਟ ਸੰਗ੍ਰਹਿ ਦੀ ਅਗਲੀ ਇਕਾਂਗੀ ਨਰਿੰਦਰ ਜੱਟੂ ਦਾ ਲਿਖਿਆ ਪਰਛਾਂਵੇਂ ਬੋਲ ਪਏ' ਇਸ ਇਕਾਂਗੀ ਸਮਾਜ ਵਿੱਚ ਬਣੀਆਂ ਕੁਝ ਸਿੱਖਾਂ ਨੂੰ ਤੋੜਨ ਦਾ ਯਤਨ ਹੈ। ਇਸਦਾ ਵਿਸ਼ਾ ਲੋਕਾਂ ਦੀਆਂ ਕੰਮ ਕਰਨ ਵਾਲੀਆਂ ਥਾਵਾਂ ਇਨ੍ਹਾਂ ਦੇ ਬਿੰਬ ਬਣਾਉਂਦੀਆਂ ਹਨ। ਸਮਾਜ ਵਿੱਚ ਕੁਝ ਦਿੱਤੇ ਭੈੜੇ, ਕੰਮ ਚੋਰ ਅਤੇ ਸਮਾਜ ਦੇ ਅਨੁਕੂਲ ਨਹੀਂ ਹੁੰਦੇ ਦੀ ਮਾਨਤਾ ਨੂੰ ਤੋੜਨਾ ਹੈ। ਇਕਾਂਗੀ ਵਿੱਚ ਲੇਖਕ ਨੇ ਪਰਛਾਵੇਂ ਨਾਲ ਗੱਲਬਾਤ ਦਾ ਜ਼ਿਕਰ ਕੀਤਾ ਹੈ ਉਹ ਇੱਕ ਥਾਂ ਪਰਛਾਵੇਂ ਕੋਲੋਂ ਅਖਵਾਉਂਦਾ ਹੈ:

ਪਰਛਾਵਾਂ,ਆਪ ਕੁਝ ਨਹੀਂ ਹੁੰਦਾ। ਇਸ ਦੀ ਹੋਂਦ ਪ੍ਰਕਾਸ਼ ਅਤੇ ਵਸਤੂ ਦੇ ਕਿਰਿਆਤਮਕ ਅਕਸ ਨਾਲ ਬਣਦੀ ਹੈ।

ਇਕਾਂਗੀ ਵਿੱਚ ਵਿਸ਼ੇ ਦੇ ਤੌਰ ਤੇ ਸਮਾਜ ਵਿੱਚ ਵਿਚਰਦੇ ਭੈੜੇ ਲੋਕਾਂ ਦੀ ਗੱਲ ਕੀਤੀ ਗਈ ਹੈ। ਇਨ੍ਹਾਂ ਲੋਕਾਂ ਦੇ ਪ੍ਰਤੀਬਿੰਬ ਜਾਂ ਅਕਸ ਬਣਾਉਣ ਵਿੱਚ ਉਨ੍ਹਾਂ ਦੁਆਰਾ ਸਮਾਜ ਵਿੱਚ ਕੀਤੇ ਕੰਮ ਜਿੰਮੇਵਾਰ ਹਨ। ਇਕਾਂਗੀ ਦੇ ਪਾਤਰਾਂ, ਠੇਕੇਦਾਰ, ਪੁਲਿਸ ਵਿਭਾਗ ਦੇ ਭ੍ਰਿਸ਼ਟ ਲੋਕ, ਧਾਰਮਿਕ ਨੇਤਾ ਆਦਿ ਸ਼ਾਮਿਲ ਹਨ। ਇਸ ਪ੍ਰਕਾਰ ਲੇਖਕ ਨੇ ਇਕਾਂਗੀ ਵਿੱਚ ਅੱਜ ਦੇ ਯੁੱਗ ਦੀ ਇੱਕ ਭੱਖਦੀ ਸਮੱਸਿਆ ਅਤੇ ਵਿਚਾਰਧਾਰਾ ਨੂੰ ਲਿਆ ਗਿਆ ਹੈ।

ਇਸ ਨਾਟ ਸੰਗ੍ਰਹਿ ਵਿੱਚ ਲਘੂ ਨਾਟਕ 'ਗੁੰਮਸ਼ੁਦਾ' ਲੇਖਕ ਡਾ. ਸਾਹਿਬ ਸਿੰਘ ਦਾ ਲਿਖਿਆ ਹੈ। ਲਘੂ ਨਾਟਕ ਵਿੱਚ ਆਮ ਤੌਰ 'ਤੇ ਜੀਵਨ ਦੀ ਕਿਸੇ ਗੰਭੀਰ ਸਮੱਸਿਆਂ ਨੂੰ ਵਿਸ਼ੇ ਵਜੋਂ ਅਪਣਾਇਆ ਗਿਆ ਹੈ। ਲਘੂ ਨਾਟਕ ਵਿੱਚ ਇੱਕ ਮੁਖ ਵਿਸ਼ਾ ਹੁੰਦਾ ਅਤੇ ਕੁਝ ਉਪ ਵਿਸ਼ੇ ਹੁੰਦੇ ਹਨ। ਆਜ਼ਾਦੀ ਮਿਲਣ ਤੋਂ 65-70 ਸਾਲ ਪਿਛੋਂ ਵੀ ਇਸ ਦੇਸ਼ ਦੇ ਹਰ ਪਾਸੇ ਫੈਲਿਆਂ ਭ੍ਰਿਸ਼ਟਾਚਾਰ ਕੇਂਦਰੀ ਸਮੱਸਿਆ ਵਜੋਂ ਪੇਸ਼ ਕੀਤਾ ਗਿਆ ਕਿ ਇਹ ਦੇਸ਼ ਧਨਾਢਾ ਦਾ ਦੇਸ਼ ਹੈ ਅਤੇ ਪੁਲਿਸ ਦਾ ਢਾਂਚਾ ਅੰਗਰੇਜਾਂ ਦੇ ਰਾਜ ਵਾਂਗ ਕੰਮ ਕਰਦਾ ਹੈ। ਦੇਸ਼ ਦੀ ਸਰਕਾਰ ਦੇਸ਼ ਦੇ ਨੌਜਵਾਨਾਂ ਨੂੰ ਸੰਭਾਲ ਨਹੀਂ ਸਕਦੀ ਅਤੇ ਜਦੋਂ ਉਹ ਆਪਣੇ ਹੱਕਾਂ ਦੀ ਮੰਗ ਕਰਦੇ ਹਨ ਤਾਂ ਉਨ੍ਹਾਂ ਨੂੰ ਅੱਤਵਾਦੀ ਆਖ ਕੇ ਮਾਰ ਦਿੱਤਾ ਜਾਂਦਾ ਹੈ।

ਦੇਸ਼ ਦੀ ਖਾਤਰ ਕੰਮ ਕਰਨ ਵਾਲਿਆਂ ਦੀ ਕੋਈ ਕਦਰ ਨਹੀਂ ਇਹ ਵੀ ਵਿਸ਼ੇ ਪੱਖੋਂ ਨਾਟਕ ਵਿੱਚ ਪੇਸ਼ ਸਮੱਸਿਆ ਹੈ। ਭ੍ਰਿਸ਼ਟ ਲੋਕਾਂ ਵਿੱਚ ਉਨ੍ਹਾਂ ਦੀ ਕੋਈ ਪੇਸ਼ ਨਹੀਂ ਚੱਲਦੀ। ਡਾਕਟਰਾਂ ਅਤੇ ਹਸਪਤਾਲਾਂ ਦੀਆਂ ਗੈਰ-ਜਿੰਮੇਵਾਰੀਆਂ ਨੂੰ ਵੀ ਵਿਸ਼ੇ ਪੱਖੋਂ ਇਕਾਂਗੀ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਪ੍ਰਕਾਰ ਦੀਆਂ ਸਮੱਸਿਆਵਾਂ ਅਤੇ ਵਿਸ਼ਿਆਂ ਤੇ ਚਾਨਣਾ ਪਾਉਣਾ ਅੱਜ ਦੇ ਸਮੇਂ ਦੀ ਮੰਗ ਹੈ।

'ਸਮਾਂ ਮੰਗ ਕਰਦਾ ਹੈ' ਇਕਾਂਗੀ ਨਵੀਂ ਪੀੜ੍ਹੀ ਦੇ ਨਾਟਕਕਾਰ ਅਤੇ ਨਾਟ ਕਲਾਕਾਰ ਸਤਵਿੰਦਰ ਸੋਨੀ ਦਾ ਲਿਖਿਆ ਹੈ। ਇਸ ਇਕਾਂਗੀ ਦਾ ਵਿਸ਼ਾ ਅੱਜ ਬਹੁਤੇ ਘਰਾਂ ਵਿੱਚ ਕਲੇਸ਼ ਦਾ ਕਾਰਨ, ਦਾਜ ਦਾ ਲਾਲਚ ਅਤੇ ਉਸਦੀ ਮਘਦੀ ਹੋਈ ਮੰਗ ਹੈ। ਇਸ ਕਰਕੇ ਪੁਰਾਣੀ ਪੀੜੀ, ਨਵੀਂ ਪੀੜ੍ਹੀ ਨੂੰ ਦਬਾਅ ਕੇ ਰੱਖਣਾ ਚਾਹੁੰਦੀ ਹੈ। ਇੱਕੋ ਘਰ ਵਿੱਚ ਔਰਤ ਹੀ ਔਰਤ ਦੀ ਦੁਸ਼ਮਣ ਬਣ ਜਾਂਦੀ ਹੈ ਪਰ ਨਵੇਂ ਯੁੱਗ ਦੀ ਔਰਤ ਜਦੋਂ ਜਾਗਰੂਕ ਹੁੰਦੀ ਹੈ ਅਤੇ ਸ਼ਕਤੀਸ਼ਾਲੀ ਬਣ ਜਾਂਦੀ ਹੈ ਤਾਂ ਉਹ ਸਾਰੀਆਂ ਗੱਲਾਂ ਨੂੰ ਪਿੱਛੇ ਸੁੱਟ ਦਿੰਦੀ ਹੈ। ਇਕਾਂਗੀ ਵਿੱਚ ਸਿੰਮੋ ਦੇ ਮਾਪੇ ਆਪਣੀ ਧੀ ਨੂੰ ਕਰਜਾ ਚੁੱਕ ਕੇ ਵਿਆਹੁਦੇ ਹਨ ਪਰ ਉਸ ਦੀ ਸੱਸ ਪਹਿਲੇ ਦਿਨ ਤੋਂ ਹੀ ਉਸਨੂੰ ਦਬਾ ਕੇ ਰੱਖਦੀ ਹੈ। ਉਸਦੀ ਸੱਸ ਉਸ ਦੀਆਂ ਲਿਆਦੀਆਂ ਚੀਜਾਂ ਨੂੰ ਛੁਪਾ ਕੇ ਰੱਖਦੀ ਹੈ। ਉਹ ਉਸਨੂੰ ਹੋਰ ਚੀਜਾਂ ਪੇਕਿਆਂ ਤੋਂ ਲਿਆਉਣ ਲਈ ਕਹਿੰਦੀ ਹੈ ਪਰ ਬਹੁਤਾ ਸਮਾਂ ਨਿੰਮੋ ਇਹ ਕੁਝ ਬਰਦਾਸ਼ਤ ਨਾ ਕਰਦੀ ਹੋਈ ਇਕ-ਦਿਨ ਆਪਣੀ ਸੱਸ ਦੇ ਵਿਰੋਧ ਵਿੱਚ ਆਵਾਜ਼ ਉਠਾਉਂਦੀ ਹੈ।

ਇਸ ਪ੍ਰਕਾਰ  ਇਕਾਂਗੀਕਾਰ ਨੇ ਇਸ ਵਿੱਚ ਇੱਕ ਮਾੜੀ ਤੇ ਭੈੜੀ ਸਮੱਸਿਆਂ ਨੂੰ ਸਮਾਜ ਵਿੱਚ ਸ਼ੀਸ਼ੇ ਵਾਂਗ ਖੜ੍ਹਾ ਕਰਨ ਦਾ ਯਤਨ ਕੀਤਾ ਹੈ। ਇਸ ਇਕਾਂਗੀ ਦੀ ਖੂਬੀ ਇਹ ਹੈ ਕਿ ਇਕਾਂਗੀ ਦੀ ਪਾਤਰ ਨੂੰਹ ਨਾ ਸਟੋਵ ਫਟੱਣ ਦਾ ਸ਼ਿਕਾਰ ਹੁੰਦੀ ਹੈ ਅਤੇ ਨਾ ਹੀ ਭੁੱਖੀ ਰਹਿ ਕੇ ਮਰਦੀ ਹੈ ਅਤੇ ਨਾ ਹੀ ਸਹੁਰਾ ਪਰਿਵਾਰ ਦੇ ਹਥਿਆਰ ਦਾ ਸ਼ਿਕਾਰ ਬਣਦੀ ਹੈ ਸਗੋਂ ਉਹ ਤ੍ਰਿਸ਼ੂਲ ਚੱਕ ਕੇ ਆਪਣੀ ਸੱਸ ਨੂੰ ਵੰਗਾਰਦੀ ਹੈ।

ਇਕਾਂਗੀ ਵਿਚਲੀਆਂ ਸਮੱਸਿਆਵਾਂ ਕਾਰਨ ਹੀ ਇਕਾਂਗੀ ਦਾ ਵਿਸ਼ਾ ਅੱਜ ਦੇ ਸਮਾਜ ਦੀ ਮੰਗ ਵਿੱਚ ਸ਼ਾਮਿਲ ਹੈ ਅਤੇ ਇਹ ਪੂਰਨ ਤੌਰ ਤੇ ਸਾਰਥਕ ਵਿਸ਼ਾ ਹੈ ਜੋ ਇਕਾਂਗੀਕਾਰ ਨੇ ਪੇਸ਼ ਕੀਤਾ ਹੈ।

ਉਪਰੋਕਤ ਚਰਚਾ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਇਹ ਸੰਗ੍ਰਹਿ 'ਸਮਾਂ ਮੰਗ ਕਰਦਾ ਹੈ' ਕੇਵਲ ਧਾਲੀਵਾਲ ਦੀ ਸੂਝ ਨਾਲ ਚੁਣਿਆ ਇਕਾਂਗੀਆਂ ਅਤੇ ਲਘੂ ਨਾਟਕ ਦਾ ਬਹੁਮੁੱਲਾ ਸੰਗ੍ਰਹਿ ਹੈ ਜਿਸ ਵਿੱਚ ਸਮਾਜ ਦੀਆਂ ਭੈੜੀਆਂ ਅਲਾਹਮਤਾ, ਲੋਕਾਂ ਦੀਆਂ ਘਰੇਲੂ ਸਮੱਸਿਆਵਾਂ ਦੇ ਨਾਲ-ਨਾਲ ਸਮਾਜਿਕ ਸਮੱਸਿਆਵਾਂ ਦੇ ਸਾਡੇ ਆਲੇ-ਦੁਆਲੇ ਵਿਚਰਦੇ ਲੋਕਾਂ, ਡਾਕਟਰਾਂ, ਹਸਪਤਾਲਾਂ, ਪੁਲਿਸ ਮੁਲਾਜ਼ਮਾਂ ਅਤੇ ਹੋਰ ਵੀ ਬਹੁਤ ਸਾਰੀਆਂ ਗੱਲਾਂ ਨੂੰ ਪੇਸ਼ ਕੀਤਾ ਗਿਆ ਹੈ।  ਸਾਡੇ ਸਮਾਜ ਵਿੱਚ ਵੀ ਇਨ੍ਹਾਂ ਅਲਾਹਮਤਾ ਤੇ ਸਮੱਸਿਆਵਾਂ ਤੋਂ ਛੁਟਕਾਰੇ ਦੀ ਲੋੜ ਹੈ, ਇਸੇ ਨਾਲ ਕੁਦਰਤੀ ਵਾਤਾਵਰਨ ਦੀ ਸਾਂਭ-ਸੰਭਾਲ ਦੀ ਲੋੜ ਤੇ ਸਮੱਸਿਆਵਾਂ ਨੂੰ ਬਿਆਨ ਕੀਤਾ ਗਿਆ ਹੈ। ਔਰਤ ਦੇ ਵਿਆਹ ਤੇ ਉਸਦੀ ਸਹੁਰੇ ਘਰ ਵਿੱਚ ਦਾਜ ਕਾਰਨ ਹੁੰਦੀ ਦੁਰਦਸ਼ਾ ਅਤੇ ਉਸ ਦੁਆਰਾ ਆਪਣੇ ਹੱਕ ਲਈ ਆਵਾਜ਼

ਉਠਾਉਣ ਦੇ ਮਸਲੇ ਨੂੰ ਗੰਭੀਰਤਾ ਨਾਲ ਲਿਆ ਗਿਆ ਹੈ ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਜੋ ਸਾਡੇ ਅੱਜ ਦੇ ਸਮਾਜ ਦੀ ਲੋੜ ਹੈ ਅਤੇ ਜੋ ਸਮੇਂ ਦੀ ਮੰਗ ਹੈ ਉਹੀ ਰਚਨਾਵਾਂ ਇਸ ਇਕਾਂਗੀ ਸੰਗ੍ਰਹਿ ਵਿੱਚ ਸ਼ਾਮਿਲ ਕੀਤੀਆਂ ਗਈਆਂ ਹਨ। ਇਹ ਕੇਵਲ ਧਾਲੀਵਾਲ ਦੀ ਵੱਖਰੀ ਤੇ ਅਨੋਖੀ ਚੋਣ ਹੈ ਜੋ ਵਿਸ਼ੇ ਪੱਖ ਤੋਂ ਪੂਰਨ ਤੌਰ ਤੇ ਢੁੱਕਵੀਂ ਨਾਟ ਕ੍ਰਿਤ ਹੈ।

**ਸਮਾਂ ਮੰਗ ਕਰਦਾ ਹੈ ਨਾਟ-ਸੰਗ੍ਰਹਿ ਵਿੱਚ ਸ਼ਾਮਿਲ ਨਾਟ ਰਚਨਾਵਾਂ ਵਿੱਚ ਮਿਲਦੀਆਂ ਵਿਲੱਖਣਤਾਵਾਂ**

'ਸਮਾਂ ਮੰਗ ਕਰਦਾ ਹੈ' ਨਾਟ ਸੰਗ੍ਰਹਿ ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਤੇ ਨਿਰਦੇਸ਼ਕ ਤੇ ਕਲਾਕਾਰ ਕੇਵਲ ਧਾਲੀਵਾਲ ਦੀ ਸੰਪਾਦਨਾ ਹੈ। 2009 ਵਿੱਚ ਪ੍ਰਕਾਸ਼ਿਤ ਇਸ ਪੁਸਤਕ ਵਿੱਚ ਛੇ ਨਾਟਕ ਰਚਨਾਵਾਂ ਸ਼ਾਮਿਲ ਹਨ:

ਅਰਮਾਨ (ਲਘੂ ਨਾਟਕ) ਜਤਿੰਦਰ ਬਰਾੜ,ਫਾਇਲ ਚਲਦੀ ਰਹੀ (ਇਕਾਂਗੀ) ਜਤਿੰਦਰ ਬਰਾੜ,ਘੁਟਦੇ ਸਾਹਾਂ ਦੀ ਕਹਾਣੀ (ਇਕਾਂਗੀ) ਡਾ. ਸਤੀਸ਼ ਕੁਮਾਰ ਵਰਮਾ,ਪਰਛਾਵੇਂ ਬੋਲ ਪਏ (ਇਕਾਂਗੀ) ਨਰਿੰਦਰ ਜੱਟੂ,ਗੁੰਮਸ਼ੁੰਦਾ (ਲਘੂ ਨਾਟਕ) ਡਾ. ਸਾਹਿਬ ਸਿੰਘ, ਸਮਾਂ ਮੰਗ ਕਰਦਾ ਹੈ (ਇਕਾਂਗੀ) ਸਤਵਿੰਦਰ ਸੋਨੀ

ਇਸ ਨਾਟ ਸੰਗ੍ਰਹਿ ਵਿੱਚ ਪੰਜਾਬੀ ਨਾਟਕ ਦੇ ਇਤਿਹਾਸ ਦੇ ਪੁਰਾਣੇ ਤੇ ਨਵੇਂ ਨਾਟਕਕਾਰ ਸ਼ਾਮਲ ਹਨ। ਇਨ੍ਹਾਂ ਦੀ ਹੋਂਦ ਨਾਲ ਪੰਜਾਬੀ ਨਾਟਕ ਦੇ ਵਰਤਮਾਨ ਇਤਿਹਾਸ 'ਚ ਇੱਕ ਪਹਿਚਾਣ ਬਣੀ ਹੈ। ਹੇਠਾਂ ਅਸੀਂ ਇਨ੍ਹਾਂ ਨਾਟਕਾਂ ਦੀ ਵਿਲੱਖਣਤਾ ਅਤੇ ਵਰਤਮਾਨ ਪੰਜਾਬੀ ਨਾਟਕ ਦੀ ਪਹਿਚਾਣ ਸਬੰਧੀ ਚਰਚਾ ਕਰਾਂਗੇ।

1. **ਵੱਖੋ ਵੱਖਰੇ ਵਿਸ਼ੇ:** ਕੇਵਲ ਧਾਲੀਵਾਲ ਦੇ ਅਨੁਸਾਰ, ਇਹ ਸਾਰੇ ਹੀ ਨਾਟਕ ਸਾਡੇ ਆਲੇ-ਦੁਆਲੇ ਫੈਲੇ ਵਹਿਮ ਭਰਮ, ਭ੍ਰਿਸ਼ਟਾਚਾਰ ਪ੍ਰਬੰਧ , ਪੁਲਿਸ ਦਮਨ, ਔਰਤਾਂ 'ਤੇ ਹੁੰਦੇ ਅਤਿਆਚਾਰ, ਪ੍ਰਦੂਸ਼ਣ, ਖੋਖਲੀ ਆਜ਼ਾਦੀ, ਭ੍ਰਿਸ਼ਟ ਨੇਤਾਵਾਂ ਦੇ ਪਾਜ਼ ਉਘਾੜਦੇ ਅੱਜ ਦੇ ਸਮੇਂ ਦੀ ਬਾਤ ਪਾਉਂਦੇ ਨੇ। ਸਮਾਂ ਮੰਗ ਕਰਦਾ ਹੈ, ਇਕਾਂਗੀ ਨਾਟਕ ਵਿੱਚ ਨਾਟਕਕਾਰ ਨੇ ਵਰਤਮਾਨ ਸਮਾਜ ਦੀ ਇੱਕ ਮੱਘਦੀ ਸਮੱਸਿਆ ਨੂੰ ਅਪਣਾਇਆ ਹੈ। ਇਸ ਇਕਾਂਗੀ ਵਿੱਚ ਇਸ ਗੱਲ ਨੂੰ ਵਿਸ਼ਾ ਬਣਾਇਆ ਗਿਆ ਹੈ ਕਿ ਸਾਡੇ ਪਰਿਵਾਰਾਂ ਵਿੱਚਲੇ ਕਲੇਸ਼ ਅਤੇ ਅਸਾਵੇਂਪਣ ਦਾ ਮੁੱਖ ਕਾਰਨ ਦਾਜ ਦਾ ਲਾਲਚ ਅਤੇ ਇਸਦੀ ਵਧਦੀ ਹੋਈ ਮੰਗ ਹੈ। ਦਾਜ ਦੀ ਇਸ ਮੰਗ ਕਾਰਨ ਪੁਰਾਣੀ ਪੀੜ੍ਹੀ, ਨਵੀਂ ਪੀੜ੍ਹੀ ਨੂੰ ਦਬਾ ਕੇ ਰੱਖਣਾ ਚਾਹੁੰਦੀ ਹੈ। ਔਰਤ, ਔਰਤ ਦੀ ਦੁਸ਼ਮਣ ਬਣ ਜਾਂਦੀ ਹੈ ਪਰ ਜਦੋਂ ਨਵੀਂ ਪੀੜ੍ਹੀ ਦੀ ਔਰਤ ਸ਼ਕਤੀ ਸ਼ਾਲੀ ਬਣ ਜਾਂਦੀ ਹੈ ਉਸ ਅੰਦਰਲੀ ਔਰਤ ਜਾਗ ਜਾਂਦੀ ਹੈ, ਤਦ ਉਹ ਸਾਰੀਆਂ ਵਧੀਕੀਆਂ ਨੂੰ ਪਛਾੜ ਸੁੱਟਦੀ ਹੈ।

ਇਸੇ ਪ੍ਰਕਾਰ ਲਘੂ ਨਾਟਕ ਅਰਮਾਨ ਵਿੱਚ ਵੀ ਸਮਾਜ ਦੀ ਇੱਕ ਮਘਦੀ ਹੋਈ ਸਮੱਸਿਆਂ ਨੂੰ ਲਿਆ ਗਿਆ

ਹੈ। ਇਸ ਵਿੱਚ ਇਹ ਦਰਸਾਇਆ ਗਿਆ ਹੈ ਕਿ ਮਾਪਿਆਂ ਨੂੰ ਔਲਾਦ ਦੀ ਯੋਗਤਾ ਰੁਚੀ, ਬੁੱਧੀ ਅਤੇ ਸਮੱਰਥਾ ਅਨੁਸਾਰ ਹੀ ਉਸਦੇ ਭਵਿੱਖ ਦੀ ਯੋਜਨਾ ਬਣਾਉਣੀ ਚਾਹੁੰਦੀ ਹੈ ਜਿਹੜੇ ਆਪੇ ਇਸ ਕੰਮ ਵਿੱਚ ਗਲਤੀ ਕਰ ਜਾਂਦੇ ਹਨ, ਉਨ੍ਹਾਂ ਦੇ ਬੱਚਿਆਂ ਦੀ ਜ਼ਿੰਦਗੀ ਖਰਾਬ ਹੋ ਜਾਂਦੀ ਹੈ ਅਤੇ ਕਈ ਵਾਰ ਬੱਚੇ ਨਿਰਾਸ਼ਾ ਦਾ ਸ਼ਿਕਾਰ ਹੋ ਕੇ ਨਸ਼ਿਆਂ ਨਾਲ ਆਪਣੀ ਜ਼ਿੰਦਗੀ ਖ਼ਤਮ ਵੀ ਕਰ ਲੈਂਦੇ ਹਨ।

2. **ਨਵੀਆਂ ਪੁਰਾਣੀਆਂ ਨਾਟਕ ਮੰਚਣ ਸ਼ੈਲੀਆਂ**: ਸਮਾਂ ਮੰਗ ਕਰਦਾ ਹੈ ਵਿਚਲੇ ਨਾਟਕਾਂ ਦੀ ਇੱਕ ਵਿਲੱਖਣਤਾ ਇਹ ਵੀ ਹੈ ਕਿ ਇਨ੍ਹਾਂ ਵਿੱਚ ਨਵੀਆਂ ਅਤੇ ਪੁਰਾਣੀਆਂ ਨਾਟ ਮੰਚਣ ਸ਼ੈਲੀਆਂ ਦੀ ਵਰਤੋਂ ਕੀਤੀ ਹੋਈ ਮਿਲਦੀ ਹੈ। ਉਦਾਹਰਨ ਵਜੋਂ ਇਸ ਸੰਗ੍ਰਹਿ ਦੇ ਨਾਟਕ 'ਅਰਮਾਨ', 'ਫਾਇਲ ਚਲਦੀ ਰਹੀ' ਅਤੇ 'ਸਮਾਂ ਮੰਗ ਕਰਦਾ' ਵਿੱਚ ਮੁੱਖ ਤੌਰ ਤੇ ਯਥਾਰਥਵਾਦੀ ਮੰਚਣ ਸ਼ੈਲੀ ਨੂੰ ਅਪਣਾਇਆ ਗਿਆ ਹੈ। ਇਨ੍ਹਾਂ ਨਾਟਕਾਂ ਦੇ ਸਟੇਜ ਮੰਚਣ ਸਮੇਂ ਉਹ ਕੁਝ ਦਰਸਾਇਆ ਜਾਂਦਾ ਹੈ ਜੋ ਕੁਝ ਅਸੀਂ ਅਸਲ ਜੀਵਨ ਵਿੱਚ ਦੇਖਦੇ ਹਾਂ। ਇਨ੍ਹਾਂ ਵਿਚੋਂ ਅਰਮਾਨ ਨਾਟਕ ਵਿੱਚ ਪ੍ਰਤੀਕਵਾਦੀ ਮੰਚਣ ਸ਼ੈਲੀ ਦਾ ਰਲਾਅ ਵੀ ਵੇਖਿਆ ਜਾ ਸਕਦਾ ਹੈ। ਨਾਟਕ ਵਿੱਚ ਚੁੰਨੀ ਪਾਤਰ ਦੀ ਉਮਰ ਦੀ ਪ੍ਰਤੀਕ ਹੈ ਜਦੋਂ ਨਾਟਕਕਾਰ ਨੇ ਇਸਤਰੀ (ਸ਼ਾਂਤੀ) ਨੂੰ ਜਵਾਨ ਵਿਖਾਉਣਾ ਹੁੰਦਾ ਹੈ ਤਦ ਉਸਦੇ ਸਿਰ ਉੱਤੇ ਲਾਲ ਚੁੰਨੀ ਲੈਣ ਦਾ ਸੰਕੇਤ ਕਰਦਾ ਹੈ। ਨਾਟਕਕਾਰ ਦੁਆਰਾ ਸੁਝਾਏ ਸੰਕੇਤਾਂ ਅਨੁਸਾਰ, ਸ਼ਾਂਤੀ ਆਪਣੀ ਚੁੰਨੀ ਲਾਹ ਕੇ ਕੁਰਸੀ 'ਤੇ ਰੱਖਦੀ ਹੈ ਅਤੇ ਕੁਰਸੀ ਉੱਪਰ ਪਈ ਨਵੀਂ ਵਿਆਹ ਵਾਲੀ ਚੁੰਨੀ ਸਿਰ ਉੱਪਰ ਲੈਂਦੀ ਹੈ।

ਇਸੇ ਤਰ੍ਹਾਂ 'ਗੁੰਮਸ਼ੁਦਾ' ਨਾਟਕ ਵਿੱਚ ਵੀ ਦੋ ਮੰਚਣ ਸ਼ੈਲੀਆਂ ਦਾ ਮਿਸ਼ਰਨ ਵੇਖਣ ਨੂੰ ਮਿਲਦਾ ਹੈ। ਪਹਿਲੀ ਹੈ- ਸੂਤਰਧਾਰ ਮੰਚਣ ਸ਼ੈਲੀ ਅਤੇ ਦੂਜੀ ਹੈ- ਬਰੈਖਤ ਦੀ ਮਹਾਂਨਾਟ ਸ਼ੈਲੀ। ਇਸ ਸ਼ੈਲੀ ਅਨੁਸਾਰ ਦਰਸ਼ਕਾਂ ਨੂੰ ਯਾਦ ਕਰਵਾਇਆ ਜਾਂਦਾ ਹੈ ਕਿ ਉਹ ਸਟੇਜ ਉੱਤੇ ਅਸਲ ਜ਼ਿੰਦਗੀ ਨਹੀਂ ਸਗੋਂ ਨਾਟਕ ਵੇਖ ਰਹੇ ਹਨ।

3. **ਨਵੇਂ ਪ੍ਰਯੋਗ** ਸਮਾਂ ਮੰਗ ਕਰਦਾ ਹੈ ਨਾਟਕਾਂ ਵਿੱਚ ਨਵੇਂ ਪ੍ਰਯੋਗ ਕੀਤੇ ਗਏ ਹਨ। ਇਹ ਪ੍ਰਯੋਗ ਵਿਸ਼ੇ ਪੱਖੋਂ, ਪਾਤਰ ਉਸਾਰੀ ਪੱਖੋਂ ਅਤੇ ਨਾਟ ਮੰਚਣ ਸ਼ੈਲੀ ਪੱਖੋਂ ਨਵੇਂ ਪ੍ਰਯੋਗ ਹੋਏ ਹਨ। ਦਾਜ ਦੀ ਸਮੱਸਿਆਂ ਨੂੰ ਲੈ ਕੇ ਪੰਜਾਬੀ ਵਿੱਚ ਕਈ ਨਾਟਕ ਲਿਖੇ ਗਏ, ਪਰ ਸਤਵਿੰਦਰ ਸੋਨੀ ਦੇ ਨਾਟਕ 'ਸਮਾਂ ਮੰਗ ਕਰਦਾ ਹੈ' ਵਿੱਚ ਦਾਜ ਦੀ ਸਮੱਸਿਆਂ ਦੇ ਨਾਲ ਹੀ ਔਰਤ ਨੂੰ ਸ਼ਕਤੀਸ਼ਾਲੀ ਹੁੰਦਿਆਂ ਦਰਸਾਇਆ ਹੈ। 'ਅਰਮਾਨ', (ਜਤਿੰਦਰ ਬਰਾੜ) ਸ਼ਾਇਦ ਪੰਜਾਬੀ ਦਾ ਪਹਿਲਾ ਨਾਟਕ ਹੈ ਜਿਸ ਵਿੱਚ ਵਿਦਿਆਰਥੀਆਂ ਅੰਦਰ ਨਸ਼ਿਆਂ ਦੀ ਸਮੱਸਿਆਂ ਨੂੰ ਲਿਆ ਗਿਆ ਹੈ।

ਇੰਝ ਹੀ 'ਘੁਟਦੇ ਸਾਹਾਂ ਦੀ ਕਹਾਣੀ' ਵੀ ਪੰਜਾਬੀ ਦਾ ਪਹਿਲਾ ਨਾਟਕ ਹੈ ਜਿਸ ਵਿੱਚ ਪ੍ਰਦਰਸ਼ਨ ਦੀ ਸਮੱਸਿਆਂ ਨੂੰ ਪੇਸ਼ ਕੀਤਾ ਗਿਆ ਹੈ। 'ਪਰਛਾਵੇਂ ਬੋਲ ਪਏ' ਨਾਟਕ ਵਿੱਚ ਪਾਤਰ ਪੇਸ਼ਕਾਰੀ ਵਿੱਚ ਪ੍ਰਯੋਗ ਕੀਤਾ ਗਿਆ ਹੈ। ਨਾਟਕ ਵਿੱਚ ਨਾਟਕਕਾਰ ਨੇ ਮਖੋਟੇ ਪਹਿਨਣ ਦਾ ਸੁਝਾਅ ਵੀ ਦਿੱਤਾ ਹੈ। ਇਸ ਪ੍ਰਕਾਰ ਨਾਟਕਕਾਰਾਂ ਨੇ ਨਾਟਕ ਵਿੱਚ ਹੋਰ ਵੀ ਨਵੇਂ ਪ੍ਰਯੋਗ ਕੀਤੇ ਹਨ।

4. **ਪਾਤਰ ਦਰਸ਼ਕਾਂ ਨੂੰ ਸੰਬੋਧਨ ਹੁੰਦੇ**: ਇਨ੍ਹਾਂ ਨਾਟਕਾਂ ਵਿੱਚ ਫਿਲਮ ਵਾਂਗ ਫਲੈਸ਼ ਬੈਕ ਜੁਗਤ ਦੀ ਵਰਤੋਂ ਵੀ ਹੋਈ ਮਿਲਦੀ ਹੈ। ਇਸ ਪ੍ਰਸੰਗ ਵਿੱਚ ਜਤਿੰਦਰ ਬਰਾੜ ਦੀ ਰਚਨਾ ਅਰਮਾਨ ਦੇਖ ਸਕਦੇ ਹਾਂ। ਇਸ ਨਾਟਕ ਦਾ ਵਧੇਰੇ ਕਥਾਨਕ ਫਲੈਸ਼ ਬੈਕ ਤਕਨੀਕ ਨਾਲ ਉਸਾਰਿਆ ਗਿਆ ਹੈ। ਉਦਾਹਰਣ ਵਜੋਂ ਨਾਟਕ ਦੇ ਆਰੰਭ ਵਿੱਚ ਸ਼ਾਂਤੀ ਆਪਣੇ ਪੁੱਤਰ ਦੀ ਜਾਣ-ਪਛਾਣ ਕਰਵਾਉਂਦੀ ਹੈ ਪਰ ਮਗਰੋਂ ਡਾਕਟਰ ਨੂੰ ਪੈਦਾ ਹੁੰਦਾ ਤੇ ਤਿੰਨ ਦਿਨਾਂ ਦਾ ਹੋਣ ਦੀ ਘਟਨਾ ਦੀ ਜਾਣਕਾਰੀ ਪਿਛਲਾ ਝਾਤ ਵਿਧੀ ਰਾਹੀਂ ਦਿੰਦੀ ਹੈ। ਇਸ ਤਰ੍ਹਾਂ ਜਦੋਂ ਡਾਕਟਰ ਦਾ ਪਲੱਸ ਵੰਨ ਦਾ ਨਤੀਜਾ ਨਿਕਲਦਾ ਹੈ ਤਦ ਉਸ ਘਟਨਾ ਨੂੰ ਵੀ ਫਲੈਸ਼ ਬੈਕ ਦੀ ਜੁਗਤ ਦੀ ਸਹਾਇਤਾ ਨਾਲ ਦਰਸਾਇਆ ਗਿਆ ਹੈ। ਬਾਊ ਜੀ: ਇਹਦਾ ਪਲੱਸ ਵੰਨ ਵਿਚ ਇਹ ਹਾਲ ਏ। ਥਰਡ ਡਵੀਜਨ ਵਿੱਚ ਪਾਸ ਹੋਇਆ ਹੈ। ਬਾਟਨੀ, ਜੁਆਲੋਜੀ ਵਿੱਚ ਤਾਂ ਰਾਇਤੀ ਨੰਬਰ ਲੈ ਕੇ ਪਾਸ ਹੋਇਆ ਏ।

5. **ਗੀਤ ਤੇ ਕਾਵਿ ਸਤਰ ਦੀ ਵਰਤੋਂ**: ਇਨ੍ਹਾਂ ਨਾਟਕਾਂ ਵਿੱਚ ਬਾਕੀਆਂ ਵਿਧੀਆਂ ਦੇ ਨਾਲ ਗੀਤ ਤੇ ਕਾਵਿ ਸਤਰਾਂ ਦੀ ਵਿਧੀ ਦੀ ਵਰਤੋਂ ਵੀ ਕੀਤੀ ਗਈ ਹੈ। ਇਨ੍ਹਾਂ ਵਿੱਚ ਗੀਤਾਂ ਦੀ ਵਰਤੋਂ ਪਾਤਰ ਦੀ ਮਨੋਦਸ਼ਾ ਨੂੰ ਦਰਸਾਉਣ ਲਈ ਜਾਂ ਵਾਤਾਵਰਨ ਉਸਾਰਨ ਲਈ ਜਾਂ ਉਦੇਸ਼ਾਂ ਦੀ ਪੂਰਤੀ ਲਈ ਕੀਤੀ ਗਈ ਹੈ। ਨਾਟਕ 'ਸਮਾਂ ਮੰਗ ਦਰਦਾ ਹੈ' ਵਿੱਚ ਇਸ ਜੁਗਤ ਦੀ ਵਰਤੋਂ 4-5 ਵਾਰ ਹੋਈ ਹੈ ਇਸ ਦੀ ਵਰਤੋਂ ਪਾਤਰ ਦੀ ਮਨੋਦਸ਼ਾਂ ਨੂੰ ਹੋਰ ਸਪੱਸ਼ਟ ਕਰਨ ਲਈ ਕੀਤੀ ਗਈ ਹੈ ਜਦੋਂ ਸੱਸ ਆਪਣੀ ਨੂੰਹ ਨਿੰਮੋਂ ਦੇ ਗਹਿਣੇ ਉਤਾਰਦੀ ਹੈ ਤਾਂ ਗੀਤ ਦੀਆਂ ਸਤਰਾਂ ਨਿੰਮੋ ਦੀ ਮਾਨਸਿਕ ਸਥਿਤੀ ਦਾ ਚਿਤਰਨ ਹੈ----

ਕੈਸਾ ਚਾਅ ਕੈਸੀ ਖੁਸ਼ੀ , ਕੈਸਾ ਹਾਰ ਸ਼ਿੰਗਾਰ ਵੇ ਲੋਕੋ,

ਮਨ ਦੀਆਂ ਸੱਧਰਾਂ ਮਨ ਵਿੱਚ ਰਹੀਆਂ

ਮੁੱਕ ਗਏ ਚਾਅ ਮਲ੍ਹਾਰ ਵੇ ਲੋਕੋ......

ਡਾ. ਸਤੀਸ਼ ਕੁਮਾਰ ਵਰਮਾ ਦੀ ਨਾਟ ਰਚਨਾ'ਘੁਟਦੇ ਸਾਹਾਂ ਦੀ ਕਹਾਣੀ' ਵਿੱਚ ਕਾਵਿ ਸਤਰਾਂ ਦੀ ਵਰਤੋਂ ਮਿਲਦੀ

ਹੈ। ਇਹ ਕਾਵਿ ਸਤਰਾਂ ਵਧੇਰੇ ਕਰਕੇ ਵਿਸ਼ੇ ਨੂੰ ਦਰਸਾਉਣ ਜਾਂ ਉਦੇਸ਼ ਨੂੰ ਪ੍ਰਗਟਾਉਣ ਲਈ ਵਰਤੋਂ ਵਿੱਚ ਲਿਆਦੀਆਂ ਗਈਆਂ ਹਨ।

ਵਾਤਾਵਰਨ ਦਾ ਇਹ ਗੰਧਲਾਪਣ ਜੋ ਹੱਦਾਂ ਟੱਪ ਜਾਏ

ਮਾਨਵਤਾ ਨੂੰ ਘੁਣ ਦੇ ਵਾਂਗਰ, ਅੰਦਰੋ ਅੰਦਰ ਖਾਏ

ਪਿੰਡ, ਸ਼ਹਿਰ ਹਰ ਗਲੀ, ਮੁਹੱਲੇ ਹਰ ਘਰ ਦੇ ਵਿੱਚ ਜਾਈਏ

ਗੰਧਲੇਪਣ ਨੂੰ ਰੋਕਣ ਖਾਤਰ ਆਓ, ਲਹਿਰ ਚਲਾਈਏ!

6. **ਰੌਸ਼ਨੀ ਤੇ ਆਵਾਜ਼ਾਂ ਦੀ ਵਰਤੋਂ**: ਇਨ੍ਹਾਂ ਨਾਟਕਾਂ ਦੀ ਵਿਲੱਖਣਤਾ ਇਹ ਹੈ ਕਿ ਇਨ੍ਹਾਂ ਵਿੱਚ ਰੰਗਮੰਚ ਜੜ੍ਹਤ ਤੋਂ ਇਲਾਵਾ ਰੌਸ਼ਨੀ ਅਤੇ ਆਵਾਜ਼ ਦੀ ਵਰਤੋਂ ਵੀ ਕੀਤੀ ਗਈ ਹੈ। ਇਨ੍ਹਾਂ ਨਾਟਕਾਂ ਵਿੱਚ ਰੌਸ਼ਨੀ ਦੀ ਵਰਤੋਂ ਦ੍ਰਿਸ਼ ਪਰਿਵਰਤਨ ਲਈ ਜਾਂ ਵੱਖੋ ਵੱਖਰੇ ਦ੍ਰਿਸ਼ ਸਿਰਜਣ ਲਈ ਕੀਤੀ ਗਈ ਹੈ।

ਜਤਿੰਦਰ ਬਰਾੜ ਦੇ ਨਾਟਕ 'ਅਰਮਾਨ' ਵਿੱਚ ਦ੍ਰਿਸ਼ ਪਰਿਵਰਤਨ ਲਈ ਇਸ ਨਾਟ ਜੁਗਤ ਦੀ ਵਰਤੋਂ ਕੀਤੀ ਗਈ ਹੈ। 'ਫਾਇਲ ਚਲਦੀ ਰਹੀ' ਇਕਾਂਗੀ ਵਿੱਚ ਪਾਤਰ ਦਾ ਕਾਰਜ ਅਤੇ ਉਸਦੇ ਹਾਵ-ਭਾਵ ਅਤੇ ਵਾਤਾਵਰਤਨ ਦਰਸਾਉਣ ਲਈ ਇਸ ਨਾਟ ਜੁਗਤ ਦੀ ਵਰਤੋਂ ਕੀਤੀ ਗਈ ਹੈ ਜਿਵੇਂ

ਜਿਉਂ ਜਿਉਂ ਮੰਚ ਦੇ ਉੱਪਰ ਰੋਸ਼ਨੀ ਹੁੰਦੀ ਹੈ, ਥੰਮ ਹੇਠਾਂ ਆਇਆ ਆਦਮੀ

ਤੜਫਦਾ ਹੈ, ਕਰਲਾਉਂਦਾ ਹੈ।

ਇਸੇ ਨਾਟਕ ਵਿੱਚ ਫਲੈਸ਼ ਦੀ ਸਹਾਇਤਾ ਨਾਲ ਫਾਇਲ ਅੱਗੇ ਤੋਂ ਚੱਲਦੀ ਦਿਖਾਈ ਗਈ ਹੈ। ਇਨ੍ਹਾਂ ਨਾਟਕਾਂ ਵਿੱਚ ਰੋਸ਼ਨੀ ਦੇ ਨਾਲ-ਨਾਲ ਆਵਾਜ਼ਾਂ ਦੀ ਜੁਗਤ ਦੀ ਵਰਤੋਂ ਕੀਤੀ ਗਈ ਹੈ। ਡਾ. ਸਾਹਿਬ ਸਿੰਘ ਨੇ 'ਗੁਮਸ਼ੁੰਦਾ ਨਾਟਕ ਵਿੱਚ ਇਸ ਜੁਗਤ ਨੂੰ ਵਰਤਿਆ ਹੈ। ਇਹ ਆਵਾਜਾਂ ਪਾਤਰ ਦੀ ਮਾਨਸਿਕ ਹਾਲਤ ਹੋਰ ਉਘਾੜਨ ਵਿੱਚ ਸਹਾਇਕ ਹੁੰਦੀਆਂ ਹਨ।

- ਕਈ ਫਿਰਦੇ ਐ ਐਹੋ ਜਿਹੇ ਮੈਡਲ ਮੋਢਿਆਂ ਤੇ ਟੰਗੀ
- ਫੌਜੀਆਂ ਤੋਂ ਤਾਂ ਰੱਬ ਬਚਾਵੇ

ਉਪਰੋਕਤ ਚਰਚਾ ਦੇ ਆਧਾਰ ਤੇ ਅਸੀਂ ਆਖ ਸਕਦੇ ਹਾਂ ਕਿ ਇਹ ਨਾਟਕ ਵਿਲੱਖਣਤਾ ਦੇ ਧਾਰਨੀ ਹਨ। ਇਨ੍ਹਾਂ ਨਾਟਕਾਂ ਤੋਂ ਨਵੇਂ ਯੁੱਗ ਦੇ ਨਾਟਕਾਂ ਦੀ ਪਹਿਚਾਣ ਉੱਭਰਦੀ ਹੈ। ਇਹ ਵਿਲੱਖਣਤਾਵਾਂ ਨਵੇਂ ਪ੍ਰਵਾਸਾਂ ਤੇ ਜੁਗਤਾਂ ਦੇ

ਆਧਾਰ ਤੇ ਸਾਡੇ ਸਾਹਮਣੇ ਪੇਸ਼ ਹੁੰਦੇ ਹਨ। ਇਹ ਵਿਲੱਖਣਤਾਵਾਂ ਵੰਨ-ਸੁਵੰਨੇ ਵਿਸ਼ਿਆਂ ਰਾਹੀਂ, ਨਵੀਂਆਂ ਤੇ ਪੁਰਾਣੀਆਂ ਮੰਚਣ ਸ਼ੈਲੀਆਂ ਦੀ ਵਰਤੋਂ ਰਾਹੀਂ ਨਵੇਂ-ਨਵੇਂ ਪ੍ਰਯੋਗਾਂ ਰਾਹੀਂ, ਫਲੈਸ਼ ਬੈਕ ਵਿਧੀ ਰਾਹੀਂ, ਗੀਤ ਅਤੇ ਕਾਵਿਕ ਸਤਰਾਂ ਰਾਹੀਂ ਰੋਸ਼ਨੀਆਂ ਅਤੇ ਆਵਾਜਾਂ ਦੀ ਵਰਤੋਂ ਕਰਕੇ ਵਿਲੱਖਣਤਾ ਪੇਸ਼ ਕੀਤੀਆਂ ਗਈਆਂ ਹਨ।

ਪਰਛਾਵਾਂ, ਗੁਰਦੇਵ ਪਰਛਾਵਾਂ, ਠੇਕੇਦਾਰ ਪਰਛਾਵਾਂ, ਚੰਦਰ ਕਲਾ ਪਰਛਾਵਾਂ ਆਦਿ। ਇਸ ਤੋਂ ਪਹਿਲਾਂ 'ਚਾਬੀਆਂ' ਨਾਟਕ ਵਿੱਚ ਆਤਮਜੀਤ ਨੇ ਵੀ ਇਸ ਕਲਾ ਦਾ ਪ੍ਰਯੋਗ ਕੀਤਾ ਹੈ।

7. **ਆਵਾਜ਼ਾਂ**: ਨਾਟਕ ਵਿੱਚ ਪਿੱਛੋਂ ਆਉਂਦੀਆਂ ਆਵਾਜ਼ਾਂ ਨੂੰ ਨਾਟ ਜੁਗਤ ਵਜੋਂ ਪੇਸ਼ ਕਰਨਾ ਇੱਕ ਹੋਰ ਕਲਾ ਜੁਗਤ ਹੈ। ਅਜਿਹੀਆਂ ਆਵਾਜ਼ਾਂ ਨਾਟਕ 'ਤੇ ਵਿਸ਼ੇਸ਼ ਪ੍ਰਭਾਵ ਸਿਰਜਦੀਆਂ ਹਨ। ਕਈ ਵਾਰ ਇਨ੍ਹਾਂ ਆਵਾਜਾਂ ਦੀ ਸਹਾਇਤਾ ਨਾਲ ਪਾਤਰ ਮਨੋ ਸਥਿਤੀ ਸਿਰਜੀ ਜਾਂਦੀ ਹੈ। ਗੁੰਮਸ਼ੁਦਾ ਲਘੂ ਨਾਟਕ ਵਿੱਚ ਨਾਟਕਕਾਰ ਡਾ. ਸਾਹਿਬ ਸਿੰਘ ਨੇ ਇਸ ਨਾਟ ਜੁਗਤ ਨੂੰ ਵਰਤੋਂ ਵਿੱਚ ਲਿਆਂਦਾ ਹੈ। ਨਾਟਕ ਵਿੱਚ ਜਦੋਂ ਫੌਜੀ ਦੀ ਥਾਣੇ ਵਿੱਚ ਨਹੀਂ ਸੁਣੀ ਜਾਂਦੀ, ਤਦ ਉਹ ਮਾਯੂਸ ਹੋ ਕੇ ਮੈਡਲ ਹੱਥ ਵਿੱਚ ਫੜ ਕੇ ਖੜ ਜਾਂਦਾ ਹੈ ਇਸ ਮੌਕੇ ਪਿੱਛੋ ਅਵਾਜ਼ਾਂ ਉੱਭਰਦੀਆਂ ਹਨ।

1) ਕਈ ਫਿਰਦੇ ਐ ਔਹੋ ਜਿਹੇ ਮੈਡਿਲ ਮੋਢਿਆਂ ਤੇ ਟੰਗੀ
2) ਫੌਜੀਆਂ ਤੋਂ ਤਾਂ ਰੱਬ ਬਜਾਵੇ
3) ਪੰਜ ਸੌ ਰੁਪਈਆਂ ਲੱਗੇਗਾ
4) ਜਾਹ ਸਿਰ ਨਾ ਖ਼ਾਹ
5) ਫੌਜੀਆਂ ਨੂੰ ਕੀ ਫ਼ਰਕ ਪੈਂਦਾ

8. **ਰੋਸ਼ਨੀਆਂ ਦੀ ਵਰਤੋਂ**: ਨਾਟਕਕਾਰ ਰੋਸ਼ਨੀ ਨੂੰ ਵੀ ਇੱਕ ਨਾਟ ਜੁਗਤ ਵਜੋਂ ਵਰਤੋਂ ਕਰਦਾ ਹੈ, ਰੋਸ਼ਨੀ ਦੀ ਵਰਤੋਂ ਦ੍ਰਿਸ਼ ਪਰਿਵਤਨ ਲਈ ਜਾਂ ਵੱਖ-ਵੱਖ ਕਿਸਮ ਦਾ ਵਾਤਾਵਰਨ ਉਭਾਰਨ ਲਈ ਕੀਤੀ ਜਾਂਦੀ ਹੈ। ਜਤਿੰਦਰ ਬਰਾੜ ਨੇ ਆਪਣੇ ਲਘੂ ਨਾਟਕ 'ਅਰਮਾਨ' ਵਿੱਚ ਇਸ ਨਾਟ ਜੁਗਤ ਦੀ ਵਰਤੋਂ ਕੀਤੀ ਹੈ।

ਇਸ ਪ੍ਰਕਾਰ ਹੀ ਫਾਈਲ ਚਲਦੀ ਰਹੀ ਇਕਾਂਗੀ ਵਿੱਚ ਪਾਤਰ ਦਾ ਕਾਰਜ ਅਤੇ ਉਸ ਦੇ ਹਾਵ-ਭਾਵ ਤੇ ਵਾਤਾਵਰਨ ਦਰਸਾਉਣ ਲਈ ਇਸ ਨਾਟ-ਜੁਗਤ ਨੂੰ ਵਰਤੋਂ ਵਿੱਚ ਲਿਆਂਦਾ ਗਿਆ ਹੈ। ਨਾਟਕ ਵਿੱਚ ਅੰਕਿਤ ਹੈ- ਜਿਉਂ ਹੀ ਮੰਚ ਦੇ ਉੱਪਰ ਰੋਸ਼ਨੀ ਹੁੰਦੀ ਹੈ ਥੰਮ ਹੇਠਾਂ ਆਇਆਂ ਆਇਆਂ ਤੜਫਦਾ ਹੈ ਕਰਲਾਉਂਦਾ ਹੈ।

ਉਪਰੋਕਤ ਚਰਚਾ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਸਮਾਂ ਮੰਗ ਕਰਦਾ ਹੈ ਇਕਾਂਗੀ ਸੰਗ੍ਰਹਿ ਵਿੱਚ ਵਰਤੀਆਂ ਨਾਟਕ ਜੁਗਤ ਬੜੀਆਂ ਸੁਚਾਰੂ ਤੇ ਸਮੇਂ ਦੀ ਸਥਿਤੀ ਅਨੁਸਾਰ ਢੁੱਕਵੀਆਂ ਹਨ। ਇਹ ਸੰਗ੍ਰਹਿ ਜਿੱਥੇ ਵਿਸ਼ੇ ਪੱਖਾਂ ਤੋਂ ਸੁਚਾਰੂ ਹੈ ਉਥੇ ਇਹ ਕਲਾ ਪੱਖ/ਕਲਾਂ ਜੁਗਤਾਂ ਅਨੁਸਾਰ ਵੀ ਢੁੱਕਵਾਂ ਇਕਾਂਗੀ ਸੰਗ੍ਰਹਿ ਹੈ। ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਇਸ ਇਕਾਂਗੀ ਸੰਗ੍ਰਹਿ ਦੇ ਸੰਪਾਦਕ ਕੇਵਲ ਧਾਲੀਵਾਲ ਨੇ ਇਸਦੀ ਚੋਣ ਬੜੇ ਸੁੱਚਜੇ ਤੇ ਉਸਾਰੂ ਪੱਖਾਂ ਨੂੰ ਸਾਹਮਣੇ ਰੱਖ ਕੇ ਕੀਤੀ। ਬਿਲਕੁਲ ਹੀ ਸਾਡੇ ਸਮਾਜ ਵਿੱਚ ਸਮਾਂ ਏਹੋ ਜਿਹੇ ਪੱਖਾਂ ਦੀ ਹੀ ਮੰਗ ਕਰਦਾ ਹੈ।

## ਸਮਾਂ ਮੰਗ ਕਰਦਾ ਹੈ ਨਾਟ-ਸੰਗ੍ਰਹਿ ਦੀ ਨਾਟ ਜੁਗਤਾਂ

'ਸਮਾਂ ਮੰਗ ਕਰਦਾ ਹੈ' ਨਾਟ ਰਚਨਾ ਪੰਜਾਬੀ ਦੇ ਮਸ਼ਹੂਰ ਨਾਟਕਕਾਰ ਤੇ ਨਿਰਦੇਸ਼ਕ ਕੇਵਲ ਧਾਲੀਵਾਲ ਦੀ ਸੰਪਾਦਿਤ ਰਚਨਾ ਹੈ। ਕੇਵਲ ਧਾਲੀਵਾਲ ਨੇ ਇਸ ਨਾਟ ਰਚਨਾ ਲਈ ਇਕਾਂਗੀ ਅਤੇ ਲਘੂ ਨਾਟਕ ਦੀ ਚੋਣ ਕੀਤੀ ਹੈ। ਇਸ ਪੁਸਤਕ ਵਿੱਚ ਛੇ ਨਾਟਕ ਸ਼ਾਮਿਲ ਹਨ। ਰੂਪਾਕਾਰ ਪੱਖੋਂ ਦੋ ਲਘੂ ਨਾਟਕ ਅਤੇ ਚਾਰ ਇਕਾਂਗੀ ਸ਼ਾਮਿਲ ਹਨ। ਇਹ ਹੇਠ ਲਿਖੇ ਅਨੁਸਾਰ ਹਨ:

1) ਅਰਮਾਨ (ਲਘੂ ਨਾਟਕ) ਜਤਿੰਦਰ ਬਰਾੜ
2) ਫਾਇਲ ਚਲਦੀ ਰਹੀ (ਇਕਾਂਗੀ) ਜਤਿੰਦਰ ਬਰਾੜ
3) ਘੁਟਦੇ ਸਾਹਾਂ ਦੀ ਕਹਾਣੀ (ਇਕਾਂਗੀ) ਡਾ. ਸਤੀਸ਼ ਕੁਮਾਰ ਵਰਮਾ
4) ਪਰਛਾਵੇਂ ਬੋਲ ਪਏ (ਇਕਾਂਗੀ) ਨਰਿੰਦਰ ਜੱਟੂ
5) ਗੁੰਮਸ਼ੁੰਦਾ (ਲਘੂ ਨਾਟਕ) ਡਾ. ਸਾਹਿਬ ਸਿੰਘ
6) ਸਮਾਂ ਮੰਗ ਕਰਦਾ ਹੈ (ਇਕਾਂਗੀ) ਸਤਵਿੰਦਰ ਸੋਨੀ

ਇਹ ਸਾਰੇ ਨਾਟਕ ਰੰਗਮੰਚ 'ਤੇ ਸਫਲਤਾਪੂਰਵਕ ਖੇਡੇ ਗਏ ਹਨ।

ਨਾਟਕ ਵਿੱਚ ਪ੍ਰਮੁੱਖ ਤੌਰ 'ਤੇ ਨਾਟਕਕਾਰ ਜੋ ਨਾਟ ਜੁਗਤਾਂ ਦੀ ਵਰਤੋਂ ਕਰਦਾ ਹੈ ਜਿਵੇਂ ਵਾਰਤਾਲਾਪ, ਫਲੈਸ਼ ਬੈਕ, ਮਨਬਚਨੀ, ਅਸਲ ਪਾਤਰਾਂ ਦੀ ਥਾਂ ਪਰਛਾਵੇਂ, ਅੰਕਾਂ ਅਧੀਨ ਵਿਚਰਦੇ ਪਾਤਰ, ਮੂਕ ਅਭਿਨੈ, ਮਹਾਂਕਾਵਿ ਨਾਟਕ ਤਕਨੀਕ ਦੀ ਵਰਤੋਂ, ਸੂਤਰਧਾਰ, ਗੀਤਾਂ, ਕਾਵਿ ਸਤਰਾਂ, ਤੁਕਾਂ ਦੀ ਵਰਤੋਂ, ਆਵਾਜ਼ ਤੇ ਰੋਸ਼ਨੀ ਦੀ ਵਰਤੋਂ, ਸੰਗੀਤ, ਪਾਤਰਾਂ ਦੁਆਰਾ ਅਧੂਰੇ ਛੱਡੇ ਡਾਇਲਾਗ ਆਦਿ। ਸਮਾਂ ਮੰਗ ਕਰਦਾ ਹੈ'ਨਾਟ ਸੰਗ੍ਰਹਿ ਦੇ ਨਾਟਕਾਂ ਵਿੱਚ ਜਿਨ੍ਹਾਂ ਨਾਟ ਜੁਗਤਾਂ ਦੀ ਵਰਤੋਂ ਹੋਈ ਮਿਲਦੀ ਹੈ ਹੇਠ ਉਨ੍ਹਾਂ ਨੂੰ ਦੇਖਦੇ ਹਾਂ।

1. **ਵਾਰਤਾਲਾਪ:** ਵਾਰਤਾਲਾਪ ਵਿੱਚਲੇ ਸ਼ਬਦ ਕੇਵਲ ਵਿਅਕਤੀਆਂ/ਪਾਤਰਾਂ ਦੇ ਭਾਵਾਂ ਨੂੰ ਸੰਚਾਰ ਕਰਨ ਤੱਕ ਹੀ ਸੀਮਤ ਨਹੀਂ ਹੁੰਦੇ, ਸਗੋਂ ਉਹ ਮੰਚਿਤ ਹੋ ਰਹੇ ਨਾਟਕ ਵਿੱਚ ਦ੍ਰਿਸ਼ ਸਿਰਜਣ ਮੰਚ 'ਤੇ ਹੀਰ ਹਾਜ਼ਰ ਪਾਤਰ ਨੂੰ ਸਾਕਾਰ ਕਰਨ, ਪਾਤਰਾਂ ਦਾ ਚਰਿਤਰ ਚਿਤਰਣ ਕਰਨ ਅਤੇ ਨਾਟਕੀ ਕਹਾਣੀ ਨੂੰ ਗਤੀ ਪ੍ਰਦਾਨ ਕਰਨ ਆਦਿ ਵਿੱਚ ਵੀ ਆਪਣਾ ਮਹੱਤਵਪੂਰਨ ਰੋਲ ਅਦਾ ਕਰ ਰਹੇ ਹਨ।

'ਸਮਾਂ ਮੰਗ ਕਰਦਾ ਹੈ' ਨਾਟ ਸੰਗ੍ਰਹਿ ਵਿੱਚ ਨਾਟਕਕਾਰ ਨੇ ਵਾਰਤਾਲਾਪ ਨੂੰ ਇੱਕ ਨਾਟ-ਜੁਗਤ ਵਜੋਂ ਬੜੀ ਪ੍ਰਬੀਨਤਾ ਨਾਲ ਵਰਤਿਆ ਹੈ। ਇਸ ਨਾਟ ਦੇ ਲਘੂ ਨਾਟਕ ਤੇ ਇਕਾਂਗੀਆਂ ਵਿੱਚ ਇਹ ਨਾਟ ਜੁਗਤ ਦੇਖਣ ਨੂੰ ਮਿਲਦੀ ਹੈ। ਇਕਾਂਗੀ 'ਸਮਾਂ ਮੰਗ ਕਰਦਾ ਹੈ' ਵਿੱਚ ਨਿੰਮੋ ਦੀ ਵਾਰਤਾਲਾਪ ਜਿੱਥੇ ਪਾਤਰ ਦੀ ਸ਼ਖ਼ਸੀਅਤ ਦੇ ਇੱਕ ਵਿਸ਼ੇਸ਼ ਪੱਖ ਨੂੰ ਉਭਾਰਦੀ ਹੈ ਜਿਵੇਂ

ਔਰਤ ਦਾਜ ਲਿਜਾਏਗੀ, ਜ਼ਰੂਰ ਲਿਜਾਏਗੀ ਪਰ ਦਾਜ ਵਿੱਚ ਬਾਪੂ ਦੀ ਪੱਗ ਤੇ ਮਾਂ ਦੀ ਚੁੰਨੀ ਨਹੀਂ ਸਗੋਂ ( ਤ੍ਰਿਸ਼ੂਲ ਚੁੱਕ ਕੇ) ਇਹ ਸ਼ਕਤੀ ਲੈ ਜਾਵੇਗੀ। ਸਮਾਂ ਮੰਗ ਕਰਦਾ ਹੈ ਕਿ ਔਰਤ ਨੂੰ ਹੁਣ ਚੰਡੀ ਦੀ ਪੂਜਾ ਹੀ ਨਹੀਂ, ਸਗੋਂ ਆਪਣੇ ਹੱਕਾਂ ਦੀ ਰਾਖੀ ਲਈ ਖੁਦ ਚੰਡੀ ਬਣਨਾ ਪਵੇਗਾ।

2. **ਘਟਨਾਵਾਂ ਨੂੰ ਪਿਛੋਕੜ ਵਿੱਚ ਰੱਖ ਕੇ ਪੇਸ਼ ਕ**ਰਨਾ: ਘਟਨਾਵਾਂ ਨੂੰ ਪਿਛੋਕੜ ਵਿੱਚ ਰੱਖ ਕੇ ਵਾਰਤਾਲਾਪ ਰਾਹੀਂ ਜਾਂ ਕਿਸੇ ਹੋਰ ਸੰਕੇਤ ਰਾਹੀਂ ਪੇਸ਼ ਕਰਨਾ ਵੀ ਇੱਕ ਨਾਟ ਜੁਗਤ ਹੈ। ਸਾਰੀਆਂ ਘਟਨਾਵਾਂ ਨੂੰ ਮੰਚ ਉੱਤੇ ਦਰਸਾਉਣ ਦੀ ਜਗ੍ਹਾਂ ਪਿਛੋਕੜ ਵਿੱਚ ਰੱਖ ਪੇਸ਼ ਕਰਨਾ ਵੀ ਇੱਕ ਨਿਵੇਕਲੀ ਨਾਟ-ਜੁਗਤ ਹੈ।

'ਪਰਛਾਵੇਂ' ਨਾਟਕ ਵਿੱਚ ਵਾਰਤਾਲਾਪ ਤੋਂ ਬੀਤੀ ਘਟਨਾ ਨੂੰ ਉਲੀਕਣ ਦਾ ਕੰਮ ਲਿਆ ਗਿਆ ਹੈ। ਉਦਾਹਰਨ ਵਜੋਂ ਠੇਕੇਦਾਰ ਪਰਛਾਵੇਂ ਦੁਆਰਾ ਬੋਲੀ ਗਈ ਵਾਰਤਾਲਾਪ ਇਸ ਕਾਰਜ ਦੀ ਪੂਰਤੀ ਕਰਦੀ ਹੈ:

**ਠੇਕੇਦਾਰ ਪਰਛਾਵਾ**: ਮੇਰੇ ਮਾਲਕ ਨੇ ਸਿਪਾਹੀ ਨੂੰ ਸਖ਼ਤ ਹਿਦਾਇਤ ਦਿੱਤੀ ਕਿ ਦਿਨ ਵੇਲੇ ਇਸ ਪੁਲ ਤੋਂ ਕੋਈ ਭਾਰੀ ਗੱਡੀ ਨਾ ਗੁਜ਼ਰੇ ਪਰ, ਰਾਤ ਨੂੰ ਉਹ ਸੌ ਰੁਪਈਆਂ ਫੀ ਭਾਰੀ ਗੱਡੀ, ਪੁਲ ਉਪਰੋਂ ਬੇਸ਼ੱਕ ਲੰਘਾ ਦਿਆ ਕਰੇ, ਤੇ ਇਸ 100 ਰੁਪਏ ਵਿੱਚੋਂ ਪੰਝੀ ਰੁਪਏ ਸਿਪਾਹੀ ਦੇ ਤੇ ਪਚੱਤਰ ਮੇਰੇ ਸਾਹਿਬ ਦੇ।

**'ਗੁੰਮਸ਼ੁਦਾ'** ਨਾਟਕ ਵਿੱਚ ਫੌਜੀ ਹੇਠ ਦਿੱਤੀ ਵਾਰਤਾਲਾਪ ਵਿੱਚ ਨਾ ਕੇਵਲ ਆਪਣੀ ਜਾਣ-ਪਛਾਣ ਕਰਵਾਉਂਦਾ ਹੈ ਸਗੋਂ ਬੀਤੇ ਦੀਆਂ ਘਟਨਾਵਾਂ ਨੂੰ ਵੀ ਨਾਟਕ ਦੇ ਚਿੱਤਰਪਟ 'ਤੇ ਲਿਆਉਂਦਾ ਹੈ।

ਫੌਜ਼ੀ: ਥਾਣੇਦਾਰ ਸਾਹਿਬ, ਮੈਂ ਫਰੀਡਮ ਫਾਈਟਰ ਹਾਂ, ਸਰਵਣ ਸਿੰਘ ਹਵਲਦਾਰ,

ਪਲਟਨ ਨੰ. 115 ਮੈਂ ਦੇਸ਼ ਦੀ ਆਜ਼ਾਦੀ ਦੇ ਘੋਲ ਵਿੱਚ ਆਪਣਾ ਪਸੀਨਾ ਵਹਾਇਆ, ਗੋਡੀ ਜੀ ਦੀ ਅਗਵਾਈ 'ਚ ਰੈਲੀਆਂ 'ਚ ਸ਼ਾਮਲ ਹੋਇਆ, 62 ਦੀ ਜੰਗ ਲੜੀ ਚੀਨ ਦੇ ਖਿਲਾਫ਼, ਰਾਸ਼ਟਰਪਤੀ ਤੋਂ ਮੈਡਲ ਪ੍ਰਾਪਤ ਕੀਤਾ.......

ਫਲੈਸ਼ ਬੈਕ (ਪਿਛਤ ਝਾਤ) ਨਾਟਕ ਵਿੱਚ ਜਦੋਂ ਕਿਸੇ ਪਾਤਰ ਦੇ ਜਿਹਨ ਵਿੱਚ ਕੋਈ ਘਟਨਾ ਵਾਪਰ ਰਹੀ ਹੋਵੇ ਤਾਂ ਉਸਨੂੰ ਫਲੈਸ ਬੈਕ ਜੁਗਤ ਕਿਹਾ ਜਾਂਦਾ ਹੈ ਜਿਸਦੀ ਵਰਤੋਂ ਨਾਟਕਕਾਰ ਕਰਦਾ ਹੈ। ਚੇਤਨ ਮਨ ਧਾਰਾ ਅਧੀਨ ਲਿਖੇ ਨਾਵਲਾਂ ਵਿੱਚ ਇਸ ਦੀ ਵਰਤੋਂ ਹੋਈ ਮਿਲਦੀ ਹੈ ਪਰ ਪੰਜਾਬੀ ਦੇ ਕੁਝ ਨਾਟਕਕਾਰਾਂ ਨੇ ਇਸ ਵਿਧੀ ਦੀ ਵਰਤੋਂ ਕੀਤੀ ਹੈ। ਇਸ ਸੰਗ੍ਰਹਿ ਦੇ ਨਾਟਕ 'ਅਰਮਾਨ' ਦਾ ਬਹੁਤਾ ਭਾਗ ਫਲੈਸ਼ ਬੈਕ ਜੁਗਤ ਉੱਪਰ ਸਿਰਜਿਆ ਗਿਆ ਹੈ। ਨਾਟਕ ਦੇ ਆਰੰਭ ਵਿੱਚ ਸ਼ਾਂਤੀ ਆਪਣੇ ਪੁੱਤਰ (ਡਾਕਟਰ) ਦੀ ਜਾਣ-ਪਛਾਣ ਕਰਵਾਉਂਦੀ ਹੈ ਪਰ ਮਗਰੋਂ ਡਾਕਟਰ ਨੂੰ ਪੈਦਾ ਹੁੰਦਾ ਅਤੇ ਤਿੰਨ ਦਿਨਾਂ ਦਾ ਹੋਇਆ ਦਰਸਾਇਆ ਗਿਆ ਹੈ। ਸ਼ਾਂਤੀ ਦੱਸਦੀ ਹੈ ਕਿ ਜਦੋਂ ਡਾਕਟਰ ਤਿੰਨ ਦਿਨ ਦਾ ਹੋਇਆ ਸੀ ਸਾਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ ਸੀ ਤੇ ਅਸੀਂ ਉਸਨੂੰ ਘਰ ਲੈ ਆਏ ਸਾਂ। ਇਸ ਤਰ੍ਹਾਂ ਇਸ ਨਾਟਕ ਵਿੱਚ ਕਈ ਥਾਵਾਂ ਤੇ ਮਾਂ-ਪਿਉ (ਸ਼ਾਤੀ ਅਤੇ ਬਾਓ ਜੀ) ਦੀ ਗੱਲਬਾਤ ਬੀਤ ਚੁੱਕੇ ਦੀ ਘਟਨਾ ਨੂੰ ਫਲੈਸ਼ ਬੈਕ ਜੁਗਤ ਦੁਆਰਾ ਦਰਸਾਉਂਦੇ ਹਨ। ਇੱਕ ਥਾਂ ਸ਼ਾਂਤੀ ਆਪਣੇ ਪੁੱਤਰ ਦੀ ਪੜ੍ਹਨ ਦੀ ਪ੍ਰਕਿਰਿਆਂ ਨੂੰ ਦਰਸਾਉਣ ਲਈ ਇਸੇ ਨਾਟ ਜੁਗਤ ਦੀ ਵਰਤੋਂ ਕਰਦੀ ਹੈ।

'ਟਿਊਸ਼ਨਾਂ ਰੱਖੀਆਂ ਗਈਆਂ। ਕਰਜ਼ਾ ਲਿਆ ਗਿਆ। ਗਹਿਣੇ ਵੇਚੇ ਗਏ। ਦੋਸਤਾ ਰਿਸ਼ਤੇਦਾਰਾਂ ਦਾ ਆਉਣਾ ਜਾਣਾ ਬੰਦ ਕੀਤਾ ਗਿਆ। ਟੀ.ਵੀ. ਦਾ ਕੇਵਲ ਕਨੈਕਸ਼ਨ ਕਟਿਆ ਗਿਆ। ਸਾਰੇ ਘਰ ਵਿੱਚ ਸੰਨਾਟਾ ਛਾਇਆ ਰਿਹਾ। ਪੇਪਰਾਂ ਦੇ ਦਿਨਾਂ ਵਿੱਚ ਬਾਊ ਜੀ ਨੇ ਵੀ ਛੁੱਟੀਆਂ ਲੈ ਲਈਆਂ। ਸੁੱਖਣਾ ਸੁੱਖੀਆਂ ਗਈਆਂ। ਮੰਨਤਾਂ ਮੰਗੀਆਂ ਗਈਆਂ। ਠਾਕੁਰ ਦੁਵਾਰਿਆ ਤੇ ਚੱਕਰ ਲੱਗੇ।

4. **ਪਾਤਰ ਦਰਸ਼ਕਾਂ ਨੂੰ ਸੰਬੋਧਨ ਹੁੰਦੇ**: ਨਾਟਕ ਵਿੱਚ ਇੱਕ ਪਾਤਰ ਦਾ ਦੂਜੇ ਪਾਤਰ ਨੂੰ ਸੰਬੋਧਨ ਹੋਣ ਦੀ ਜਗ੍ਹਾ ਦਰਸ਼ਕਾਂ ਨੂੰ ਸੰਬੋਧਨ ਹੋਣਾ ਵੱਖਰੀ ਤਰ੍ਹਾਂ ਦੀ ਨਾਟ ਜੁਗਤ ਹੈ। 'ਅਰਮਾਨ' ਨਾਟਕ ਵਿੱਚ ਨਾਟਕਕਾਰ ਨੇ ਇਸ ਨਾਟ ਜੁਗਤ ਦੀ ਵਰਤੋਂ ਕੀਤੀ ਹੈ। ਨਾਟਕ ਵਿੱਚ ਸ਼ਾਂਤੀ ਇੱਕ ਥਾਂ ਦਰਸ਼ਕਾਂ ਨੂੰ ਸੰਬੋਧਨ ਹੋ ਕੇ ਆਖਦੀ ਹੈ:

ਸ਼ਾਂਤੀ: ਉਹ ਦਿਨ ਸਾਡੇ ਘਰ ਦਾ ਸਭ ਤੋਂ ਮਨਹੂਸ ਦਿਨ ਸੀ। ਸਾਡਾ ਬੱਚਾ ਇੱਕ ਦਲ-ਦਲ ਵਿੱਚ ਫਸ ਗਿਆ ਸੀ। ਉਹ ਸਾਰਾ ਸਾਰਾ ਦਿਨ ਮੰਜੇ ਤੇ ਗੁੰਮ ਸੁੰਮ ਹੋਇਆ ਪਿਆ ਰਹਿੰਦਾ। ਅਸੀਂ ਸਮਝਦੇ ਰਹੇ ਉਹ ਆਪਣੀ ਨਾਕਾਮੀ ਕਰਕੇ ਉਦਾਸ ਹੈ..............

5. **ਯਥਾਰਥ ਦੇ ਭਰਮ ਨੂੰ ਤੋੜਨਾ**: ਦਰਸ਼ਕਾਂ ਦੇ ਭਰਮ ਨੂੰ ਤੋੜਨਾ ਕਿ ਉਹ ਰੰਗਮੰਚ ਉੱਤੇ ਯਥਾਰਥ ਵੇਖ ਰਹੇ

ਹਨ, ਸਗੋਂ ਉਨ੍ਹਾਂ ਨੂੰ ਇਸ ਭਰਮ ਵਿੱਚੋਂ ਕੱਢਣਾ ਕਿ ਉਹ ਸਟੇਜ ਉੱਤੇ ਅਸਲ ਜੀਵਨ ਦੀ ਥਾਂ ਨਾਟਕ ਦੇਖ ਰਹੇ ਹਨ, ਇਹ ਬਰੈਖਤ ਦੇ ਮਹਾਨਾਟ ਦਾ ਸੰਕਲਪ ਹੈ। ਨਾਟਕ ਗੁੰਮਸ਼ੁਦਾ ਵਿੱਚ ਡਾ. ਸਾਹਿਬ ਸਿੰਘ ਨੇ ਇਸ ਨਾਟ ਜੁਗਤ ਦੀ ਵਰਤੋਂ ਕਾਫੀ ਪ੍ਰਵੀਨਤਾ ਨਾਲ ਕੀਤੀ ਹੈ ਜਿਵੇਂ-

1) ਪਰ ਹੁਣ ਕਿਹੜੀ ਗੱਲ ਵਿਗੜ ਗਈ। ਨਾਟਕ ਤਾਂ ਖਤਮ ਹੋ ਗਿਐ
2) ਕਿਵੇਂ ਹੋ ਗਿਐ ਖਤਮ, ਇਹ ਕੋਈ ਐਂਡ ਐ
3) ਐਂਡ ਈ ਐ ਹੋਰ ਤੈਨੂੰ ਕੀ ਲੱਗਦਾ, ਇਕ ਇਨਸਾਨ ਦੇ ਦੁਖਾਂਤ ਰਾਹੀਂ ਪੂਰੇ ਸਮਾਜ ਦਾ ਦੁਖਾਂਤ ਸਾਹਮਣੇ ਐ, ਹੋਰ ਕੀ ਚਾਹੀਦੈ ਹੁਣ (ਪੰਨਾ 83)

**6. ਅਸਲ ਪਾਤਰਾਂ ਦੀ ਥਾਂ ਪਰਛਾਵੇਂ**: ਅਸਲ ਪਾਤਰਾਂ ਦੀ ਜਗ੍ਹਾਂ ਉਨ੍ਹਾਂ ਦੇ ਪਰਛਾਵਿਆਂ ਦੀ ਭੂਮਿਕਾ ਨਵੀਂ ਨਾਟ ਜੁਗਤ ਹੈ। ਨਰਿੰਦਰ ਜੱਟੂ ਦੇ ਇਕਾਂਗੀ ਪਰਛਾਵੇ ਬੋਲ ਪਏ ਦੀ ਖੂਬਸੂਰਤੀ ਇਸ ਵਿੱਚ ਹੈ ਕਿ ਅਸਲ ਵਿਅਕਤੀ ਮੰਚ ਪਿੱਛੇ ਰਹਿੰਦੇ ਹਨ ਅਤੇ ਉਨ੍ਹਾਂ ਦੇ ਪਰਛਾਵੇ ਮੰਚ ਤੇ ਭੂਮਿਕਾ ਨਿਭਾਉਂਦੇ ਹਨ। ਮੰਚ 'ਤੇ ਭੂਮਿਕਾ ਨਿਭਾਉਣ ਵਾਲੇ ਨੇਤਾ ਪਰਛਾਵਾਂ, ਲਿਖਾਰੀ ਪਰਛਾਵਾਂ, ਗੁਰਦੇਵ ਪਰਛਾਵਾਂ, ਠੇਕੇਦਾਰ ਪਰਛਾਵਾਂ, ਚੰਦਰ ਕਲਾ ਪਰਛਾਵਾਂ ਆਦਿ। ਇਸ ਤੋਂ ਪਹਿਲਾਂ 'ਚਾਬੀਆਂ' ਨਾਟਕ ਵਿੱਚ ਆਤਮਜੀਤ ਨੇ ਵੀ ਇਸ ਕਲਾ ਦਾ ਪ੍ਰਯੋਗ ਕੀਤਾ ਹੈ।

**7. ਆਵਾਜ਼ਾਂ**: ਨਾਟਕ ਵਿੱਚ ਪਿੱਛੋਂ ਆਉਂਦੀਆਂ ਆਵਾਜ਼ਾਂ ਨੂੰ ਨਾਟ ਜੁਗਤ ਵਜੋਂ ਪੇਸ਼ ਕਰਨਾ ਇੱਕ ਹੋਰ ਕਲਾ ਜੁਗਤ ਹੈ। ਅਜਿਹੀਆਂ ਆਵਾਜ਼ਾਂ ਨਾਟਕ 'ਤੇ ਵਿਸ਼ੇਸ਼ ਪ੍ਰਭਾਵ ਸਿਰਜਦੀਆਂ ਹਨ। ਕਈ ਵਾਰ ਇਨ੍ਹਾਂ ਆਵਾਜਾਂ ਦੀ ਸਹਾਇਤਾ ਨਾਲ ਪਾਤਰਾਂ ਦੀ ਮਨੋ ਸਥਿਤੀ ਸਿਰਜੀ ਜਾਂਦੀ ਹੈ। ਗੁੰਮਸ਼ੁਦਾ ਲਘੂ ਨਾਟਕ ਵਿੱਚ ਨਾਟਕਕਾਰ ਡਾ. ਸਾਹਿਬ ਸਿੰਘ ਨੇ ਇਸ ਨਾਟ ਜੁਗਤ ਨੂੰ ਵਰਤੋਂ ਵਿੱਚ ਲਿਆਂਦਾ ਹੈ। ਨਾਟਕ ਵਿੱਚ ਜਦੋਂ ਫੌਜੀ ਦੀ ਥਾਣੇ ਵਿੱਚ ਨਹੀਂ ਸੁਣੀ ਜਾਂਦੀ, ਤਦ ਉਹ ਮਾਯੂਸ ਹੋ ਕੇ ਮੈਡਲ ਹੱਥ ਵਿੱਚ ਫੜ ਕੇ ਖੜ ਜਾਂਦਾ ਹੈ ਇਸ ਮੌਕੇ ਪਿੱਛੋ ਆਵਾਜ਼ ਉੱਭਰਦੀਆਂ ਹਨ।

1. ਕਈ ਫਿਰਦੇ ਐ ਔਹੋ ਜਿਹੇ ਮੈਡਲ ਮੋਢਿਆਂ ਤੇ ਟੰਗੀ
2. ਫੌਜੀਆਂ ਤੋਂ ਤਾਂ ਰੱਬ ਬਜਾਵੇ
3. ਪੰਜ ਸੌ ਰੁਪਈਆ ਲੱਗੇਗਾ

4. ਜਾਹ ਸਿਰ ਨਾ ਖਾਹ

5. ਫੌਜੀਆਂ ਨੂੰ ਕੀ ਫਰਕ ਪੈਂਦਾ

**8. ਰੋਸ਼ਨੀਆਂ ਦੀ ਵਰਤੋਂ**: ਨਾਟਕਕਾਰ ਰੋਸ਼ਨੀ ਦੀ ਵੀ ਇੱਕ ਨਾਟ ਜੁਗਤ ਵਜੋਂ ਵਰਤੋਂ ਕਰਦਾ ਹੈ, ਰੋਸ਼ਨੀ ਦੀ ਵਰਤੋਂ ਦ੍ਰਿਸ਼ ਪਰਿਵਤਨ ਲਈ ਜਾਂ ਵੱਖ-ਵੱਖ ਕਿਸਮ ਦਾ ਵਾਤਾਵਰਨ ਉਭਾਰਨ ਲਈ ਕੀਤੀ ਜਾਂਦੀ ਹੈ। ਜਤਿੰਦਰ ਬਰਾੜ ਨੇ ਆਪਣੇ ਲਘੂ ਨਾਟਕ 'ਅਰਮਾਨ' ਵਿੱਚ ਇਸ ਨਾਟ ਜੁਗਤ ਦੀ ਵਰਤੋਂ ਕੀਤੀ ਹੈ। ਇਸ ਪ੍ਰਕਾਰ ਹੀ 'ਫਾਈਲ ਚਲਦੀ ਰਹੀ' ਇਕਾਂਗੀ ਵਿੱਚ ਪਾਤਰ ਦਾ ਕਾਰਜ ਅਤੇ ਉਸ ਦੇ ਹਾਵ-ਭਾਵ ਤੇ ਵਾਤਾਵਰਨ ਦਰਸਾਉਣ ਲਈ ਇਸ ਨਾਟ-ਜੁਗਤ ਨੂੰ ਵਰਤੋਂ ਵਿੱਚ ਲਿਆਂਦਾ ਗਿਆ ਹੈ। ਨਾਟਕ ਵਿੱਚ ਅੰਕਿਤ ਹੈ-

ਜਿਉਂ ਹੀ ਮੰਚ ਦੇ ਉੱਪਰ ਰੋਸ਼ਨੀ ਹੁੰਦੀ ਹੈ ਥੰਮ ਹੇਠਾਂ ਆਇਆਂ ਆਇਆਂ ਤੜਫਦਾ ਹੈ ਕਰਹੁੰਦਾ ਹੈ।

ਉਪਰੋਕਤ ਚਰਚਾ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਸਮਾਂ ਮੰਗ ਕਰਦਾ ਹੈ ਇਕਾਂਗੀ ਸੰਗ੍ਰਹਿ ਵਿੱਚ ਵਰਤੀਆਂ ਨਾਟਕ ਜੁਗਤਾਂ ਬੜੀਆਂ ਸੁਚਾਰੂ ਤੇ ਸਮੇਂ ਦੀ ਸਥਿਤੀ ਅਨੁਸਾਰ ਢੁੱਕਵੀਆਂ ਹਨ। ਇਹ ਸੰਗ੍ਰਹਿ ਜਿੱਥੇ ਵਿਸ਼ੇ ਪੱਖਾਂ ਤੋਂ ਸੁਚਾਰੂ ਹੈ ਉਥੇ ਇਹ ਕਲਾ ਪੱਖ/ਕਲਾਂ ਜੁਗਤਾਂ ਅਨੁਸਾਰ ਵੀ ਢੁੱਕਵਾਂ ਇਕਾਂਗੀ ਸੰਗ੍ਰਹਿ ਹੈ। ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਇਸ ਇਕਾਂਗੀ ਸੰਗ੍ਰਹਿ ਦੇ ਸੰਪਾਦਕ ਕੇਵਲ ਧਾਲੀਵਾਲ ਨੇ ਇਸਦੀ ਚੋਣ ਬੜੇ ਸੁੱਚਜੇ ਤੇ ਉਸਾਰੂ ਪੱਖਾਂ ਨੂੰ ਸਾਹਮਣੇ ਰੱਖ ਕੇ ਕੀਤੀ। ਬਿਲਕੁਲ ਹੀ ਸਾਡੇ ਸਮਾਜ ਵਿੱਚ ਸਮਾਂ ਏਹੋ ਜਿਹੇ ਪੱਖਾਂ ਦੀ ਹੀ ਮੰਗ ਕਰਦਾ ਹੈ।

**ਅਭਿਆਸ ਲਈ ਪ੍ਰਸ਼ਨ**

1. ਅਜਮੇਰ ਔਲਖ ਦੇ ਜੀਵਨ ਤੇ ਸਖ਼ਸ਼ੀਅਤ ਬਾਰੇ ਜਾਣਕਾਰੀ ਦਿਓ।
2. ਅਜਮੇਰ ਔਲਖ ਦੀ ਪੰਜਾਬੀ ਸਾਹਿਤ ਨੂੰ ਦੇਣ ਅਤੇ ਉਸਦੇ ਨਾਟਕਾਂ ਦੇ ਵਿਸ਼ੇ ਬਾਰੇ ਸੰਖੇਪ ਚਰਚਾ ਕਰੋ।
3. 'ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ' ਸੰਗ੍ਰਹਿ ਦਾ ਵਿਸ਼ੇਗਤ ਅਧਿਐਨ ਕਰੋ।
4. 'ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ' ਦੀ ਕੇਂਦਰੀ ਸਮੱਸਿਆ 'ਤੇ ਵਿਚਾਰ ਕਰੋ।
5. ਅਜਮੇਰ ਔਲਖ ਦੇ ਨਾਟਕ ਵਿੱਚ ਕਲਾਤਮਿਕਤਾ ਬਾਰੇ ਚਰਚਾ ਕਰੋ।
6. 'ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ' ਦੇ ਵਿਸ਼ੇ ਦੀ ਸਾਰਥਿਕਤਾ ਬਿਆਨ ਕਰੋ।
7. ਅਜਮੇਰ ਔਲਖ ਦੀ ਕਲਾਤਮਿਕਤਾ ਦੀ ਵਿਧੀ ਸੰਬੰਧੀ ਚਰਚਾ ਕਰੋ।